Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 305 25/02/2025 www.samajweekly.com samajweekly @samajweekly samajweekly

# ਕਿਸਾਨਾਂ ਦੀਆਂ ਜ਼ਮੀਨਾਂ ’ਤੇ ਜਬਰੀ ਕਬਜ਼ੇ ਨਾ ਕੀਤੇ ਜਾਣ, ਨਹੀਂ ਤਾਂ ਪੰਜਾਬ ਸਰਕਾਰ ਖਿਲਾਫ਼ ਵੀ ਖੋਲ੍ਹਾਂਗੇ ਮੋਰਚਾ: ਪੰਧੇਰ

**ਅੰਮ੍ਰਿਤਸਰ।** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾਈ ਆਗੂ ਸਰਵਣ ਸਿੰਘ ਪੰਧੇਰ ਨੇ ਪੰਜਾਬ ਵਿਧਾਨ ਸਭਾ ਦੇ ਚੱਲ ਰਹੇ ਸੈਸ਼ਨ ਦੌਰਾਨ ਕਿਸਾਨਾਂ ਦੀਆਂ 12 ਮੰਗਾਂ ਵਾਲਾ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜਣ ਦੀ ਮੰਗ ਕੀਤੀ ਹੈ। ਇਸ ਦੌਰਾਨ ਭਲਕੇ 25 ਫਰਵਰੀ ਨੂੰ 101 ਕਿਸਾਨ ਕਾਰਕੁਨਾਂ ਦੇ ਸ਼ੰਭੂ ਬਾਰਡਰ ਤੋਂ ਦਿੱਲੀ ਜਾਣ ਵਾਲੇ ਜਥੇ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਹੈ। ਇਹ ਜਥਾ ਹੁਣ 25 ਮਾਰਚ ਨੂੰ ਦਿੱਲੀ ਵੱਲ ਪੈਦਲ ਕੂਚ ਕਰੇਗਾ। ਪੰਧੇਰ ਨੇ ਚੇਤਾਵਨੀ ਦਿੱਤੀ ਕਿ ਭਾਰਤ ਮਾਲਾ ਪ੍ਰਾਜੈਕਟ ਦੇ ਹਵਾਲੇ ਨਾਲ ਕਿਸਾਨਾਂ ਦੀਆਂ ਜ਼ਮੀਨਾਂ ’ਤੇ ਜਬਰੀ ਕਬਜ਼ੇ ਨਾ ਕੀਤੇ ਜਾਣ, ਨਹੀਂ ਤਾਂ ਉਹ ਪੰਜਾਬ ਸਰਕਾਰ ਖਿਲਾਫ਼ ਮੋਰਚਾ ਖੋਲ੍ਹਣ ਲਈ ਮਜਬੂਰ ਹੋਣਗੇ। ਪੰਧੇਰ ਨੇ ਇਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨਾਲ ਕਿਸਾਨੀ ਮੁੱਦਿਆਂ ਬਾਰੇ ਗੱਲਬਾਤ ਦੇ ਦੋ ਦੌਰ ਹੋ ਚੁੱਕੇ ਹਨ ਅਤੇ ਤੀਜੇ ਦੌਰ ਦੀ ਮੀਟਿੰਗ 25 ਮਾਰਚ ਨੂੰ ਚੰਡੀਗੜ੍ਹ ਵਿੱਚ ਹੋਵੇਗੀ। ਉਨ੍ਹਾਂ ਭਗਵੰਤ ਮਾਨ ਸਰਕਾਰ ਕੋਲੋਂ ਮੰਗ ਕੀਤੀ ਕਿ ਵਿਧਾਨ ਸਭਾ ਦੇ ਮੌਜੂਦਾ ਸੈਸ਼ਨ ਦਾ ਸਮਾਂ ਵਧਾਇਆ ਜਾਵੇ ਅਤੇ ਇਸ ਵਿੱਚ ਲੋਕ ਮੁੱਦੇ ਵਿਚਾਰੇ ਜਾਣ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ 12 ਮੰਗਾਂ ਦੇ ਹੱਕ ਵਿੱਚ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜਿਆ



ਜਾਵੇ, ਖੇਤੀ ਮੰਡੀਕਰਨ ਦੇ ਖਰੜੇ ਖਿਲਾਫ ਵੀ ਮਤਾ ਪਾਸ ਕੀਤਾ ਜਾਵੇ ਅਤੇ ਇਸ ਦਾ ਵਿਰੋਧ ਕੀਤਾ ਜਾਵੇ। ਉਨ੍ਹਾਂ ਸਮੂਹ ਸਿਆਸੀ ਪਾਰਟੀਆਂ ਨੂੰ ਆਖਿਆ ਕਿ ਉਹ ਕਿਸਾਨਾਂ ਦੇ ਹੱਕ ਵਿੱਚ ਇਕਜੁੱਟ ਹੋ ਕੇ ਉਨ੍ਹਾਂ ਦੀਆਂ ਮੰਗਾਂ ਨੂੰ ਉਭਾਰਨ। ਪੰਧੇਰ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਅਮਰੀਕਾ ਤੋਂ ਡਿਪੋਰਟ ਕੀਤੇ ਨੌਜਵਾਨਾਂ ਦੇ ਮਾਮਲੇ ਵਿੱਚ ਗਲਤ ਢੰਗ ਨਾਲ ਨੌਜਵਾਨਾਂ ਨੂੰ ਵਿਦੇਸ਼ ਭੇਜਣ ਵਾਲੇ ਟਰੈਵਲ ਏਜੰਟਾਂ ਖਿਲਾਫ ਸਖ਼ਤ ਕਾਨੂੰਨ ਬਣਾਇਆ ਜਾਵੇ ਅਤੇ ਇਸ ਦੀ ਪਹਿਲ ਵਿਧਾਨ ਸਭਾ ਸੈਸ਼ਨ ਵਿੱਚ ਕੀਤੀ ਜਾਵੇ। ਉਨ੍ਹਾਂ ਭਾਰਤ ਮਾਲਾ ਯੋਜਨਾ ਤਹਿਤ ਕਿਸਾਨਾਂ ਦੀਆਂ ਜ਼ਮੀਨਾਂ ਜਬਰੀ ਐਕੁਆਇਰ ਕੀਤੇ ਜਾਣ ’ਤੇ ਸਖ਼ਤ ਇਤਰਾਜ਼ ਕੀਤਾ ਅਤੇ ਕਿਹਾ ਕਿ ਜਦੋਂ ਤੱਕ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦਾ ਜਾਇਜ਼ ਮੁੱਲ ਨਹੀਂ ਮਿਲ ਜਾਂਦਾ, ਉਨ੍ਹਾਂ ਦੀਆਂ ਜ਼ਮੀਨਾਂ ’ਤੇ ਕਬਜ਼ਾ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅੱਜ ਵੀ ਗੁਰਦਾਸਪੁਰ ਜ਼ਿਲ੍ਹੇ ਵਿੱਚ ਸਰਕਾਰ ਦੇ ਪ੍ਰਤੀਨਿਧ ਕਿਸਾਨਾਂ ਦੀਆਂ ਜ਼ਮੀਨਾਂ ’ਤੇ ਕਬਜ਼ਾ ਕਰਨ ਗਏ ਹਨ, ਜਿਸ ਦਾ ਉਨ੍ਹਾਂ ਸਖ਼ਤ ਇਤਰਾਜ਼ ਕੀਤਾ ਹੈ। ਪੰਧੇਰ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਉਹ ਕਿਸਾਨਾਂ ਦੀਆਂ ਜ਼ਮੀਨਾਂ ’ਤੇ ਜਬਰੀ ਕਬਜ਼ਾ ਨਾ ਕਰੇ, ਨਹੀਂ ਤਾਂ ਉਨ੍ਹਾਂ ਨੂੰ ਕੇਂਦਰ ਸਰਕਾਰ ਖਿਲਾਫ਼ ਲੱਗੇ ਮੋਰਚੇ ਤੋਂ ਆਪਣਾ ਧਿਆਨ ਹਟਾ ਕੇ ਪੰਜਾਬ ਸਰਕਾਰ ਵੱਲ ਕਰਨਾ ਪਵੇਗਾ। ਉਨ੍ਹਾਂ ਦੱਸਿਆ ਕਿ 8 ਮਾਰਚ ਨੂੰ ਕੌਮਾਂਤਰੀ ਮਹਿਲਾ ਦਿਵਸ ਮੌਕੇ ਵੱਖ ਵੱਖ ਬਾਰਡਰਾਂ ’ਤੇ ਚੱਲ ਰਹੇ ਮੋਰਚਿਆਂ ਦੌਰਾਨ ਇਹ ਦਿਵਸ ਵੱਡੇ ਪੱਧਰ ’ਤੇ ਮਨਾਇਆ ਜਾਵੇਗਾ। ਉਨ੍ਹਾਂ ਵੱਖ-ਵੱਖ ਸੂਬਿਆਂ ਦੇ ਕਿਸਾਨਾਂ ਨੂੰ ਆਖਿਆ ਕਿ ਸਰਹੱਦਾਂ ’ਤੇ ਚੱਲ ਰਹੇ ਮੋਰਚਿਆਂ ਵਿੱਚ ਵੱਡੀ ਪੱਧਰ ’ਤੇ ਇਕੱਠ ਕੀਤੇ ਜਾਣ, ਇਸ ਨਾਲ ਸਰਕਾਰ ’ਤੇ ਪ੍ਰਭਾਵ ਪਵੇਗਾ। ਕਿਸਾਨਾਂ ਵੱਲੋਂ ਲਾਏ ਮੋਰਚਿਆਂ ਕਾਰਨ ਬੰਦ ਰਸਤਿਆਂ ਨਾਲ ਆਮ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਉਨ੍ਹਾਂ ਕਿਹਾ ਕਿ ਸਰਕਾਰ ਇਨ੍ਹਾਂ ਰਸਤਿਆਂ ਨੂੰ ਖੋਲ੍ਹੇ ਤਾਂ ਜੋ ਆਮ ਲੋਕਾਂ ਨੂੰ ਰਾਹਤ ਮਿਲੇ।

# ਦਿੱਲੀ ਦੇ ਮੁੱਖ ਮੰਤਰੀ ਦਫ਼ਤਰ ਤੋਂ ਡਾ. ਅੰਬੇਡਕਰ ਦੀ ਫੋਟੋ ਹਟਾਈ ਗਈ: ਕੇਜਰੀਵਾਲ

## ਸਾਬਕਾ ਮੁੱਖ ਮੰਤਰੀ ਆਤਿਸ਼ੀ ਨੇ ਵੀ ਲਾਏ ਡਾ. ਅੰਬੇਡਕਰ ਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਹਟਾਏ ਜਾਣ ਦੇ ਦੋਸ਼

**ਨਵੀਂ ਦਿੱਲੀ।** ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸੋਮਵਾਰ ਨੂੰ ਦਾਅਵਾ ਕੀਤਾ ਕਿ ਦਿੱਲੀ ਦੀ ਨਵੀਂ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਦਿੱਲੀ ਦੇ ਮੁੱਖ ਮੰਤਰੀ ਦੇ ਦਫ਼ਤਰ ਤੋਂ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਡਾ. ਭੀਮ ਰਾਓ ਅੰਬੇਡਕਰ ਦੀ ਫੋਟੋ ਹਟਾ ਕੇ ਬਾਬਾ ਸਾਹਿਬ ਦੇ ਲੱਖਾਂ ਪੈਰੋਕਾਰਾਂ ਨੂੰ ਠੇਸ ਪਹੁੰਚਾਈ ਹੈ। ਆਪਣੀ ਐਕਸ (X) ਪੋਸਟ ਵਿੱਚ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਲਿਖਿਆ, “ਦਿੱਲੀ ਦੀ ਨਵੀਂ ਭਾਜਪਾ ਸਰਕਾਰ ਨੇ ਬਾਬਾ ਸਾਹਿਬ ਦੀ ਫੋਟੋ ਹਟਾ ਦਿੱਤੀ ਅਤੇ ਪ੍ਰਧਾਨ ਮੰਤਰੀ ਮੋਦੀ ਦੀ ਫੋਟੋ ਲਗਾ ਦਿੱਤੀ। ਇਹ ਸਹੀ ਨਹੀਂ ਹੈ। ਇਸ ਨਾਲ ਬਾਬਾ ਸਾਹਿਬ ਦੇ ਲੱਖਾਂ ਪੈਰੋਕਾਰਾਂ ਨੂੰ ਠੇਸ ਪਹੁੰਚੀ ਹੈ”। ‘ਆਪ’ ਸੁਪਰੀਮੋ ਨੇ ਭਾਜਪਾ ਨੂੰ ਡਾ. ਅੰਬੇਡਕਰ ਦੀ ਫੋਟੋ ਨਾ ਹਟਾਉਣ ਦੀ ਬੇਨਤੀ ਕਰਦਿਆਂ ਕਿਹਾ, “ਮੇਰੀ ਭਾਜਪਾ ਨੂੰ ਇੱਕ ਬੇਨਤੀ ਹੈ। ਤੁਸੀਂ ਪ੍ਰਧਾਨ ਮੰਤਰੀ ਦੀ ਫੋਟੋ ਲਗਾ ਸਕਦੇ ਹੋ ਪਰ ਬਾਬਾ ਸਾਹਿਬ ਦੀ ਫੋਟੋ ਨਾ ਹਟਾਓ। ਉਨ੍ਹਾਂ ਦੀ ਫੋਟੋ ਲੱਗੀ ਰਹਿਣ ਦਿਓ।” ਇਸ ਤੋਂ ਪਹਿਲਾਂ, ਅੱਜ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਅਤੇ ਦਿੱਲੀ



ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਨੇ ਵੀ ਭਾਜਪਾ ‘ਤੇ ਦਲਿਤ ਅਤੇ ਸਿੱਖ ਵਿਰੋਧੀ ਮਾਨਸਿਕਤਾ ਰੱਖਣ ਦਾ ਦੋਸ਼ ਲਗਾਇਆ। ਆਤਿਸ਼ੀ ਨੇ ਯ ‘ਤੇ ਪਾਈ ਇੱਕ ਪੋਸਟ ਵਿੱਚ ਕਿਹਾ, “ਭਾਜਪਾ ਨੇ ਆਪਣਾ ਅਸਲੀ ਦਲਿਤ ਅਤੇ ਸਿੱਖ ਵਿਰੋਧੀ ਚਿਹਰਾ ਦਿਖਾ ਦਿੱਤਾ ਹੈ। ਦਿੱਲੀ ਵਿਧਾਨ ਸਭਾ ਦੇ ਮੁੱਖ ਮੰਤਰੀ ਦਫ਼ਤਰ ਤੋਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਅਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀਆਂ ਫੋਟੋਆਂ ਹਟਾ ਦਿੱਤੀਆਂ ਗਈਆਂ ਹਨ।” ਉਨ੍ਹਾਂ ਆਪਣੀ X ਪੋਸਟ



ਦੇ ਨਾਲ ਉਨ੍ਹਾਂ ਆਪਣੇ ਮੁੱਖ ਮੰਤਰੀ ਕਾਲ ਦੀ ਮੁੱਖ ਮੰਤਰੀ ਦਫ਼ਤਰ ਦੀ ਫੋਟੋ ਨੱਥੀ ਕੀਤੀ ਹੈ ਤੇ ਨਾਲ ਹੀ ਮੌਜੂਦਾ ਮੁੱਖ ਮੰਤਰੀ ਰੇਖਾ ਗੁਪਤਾ ਦੇ ਸੀਐਮ ਦਫ਼ਤਰ ਵਾਲੀ ਫੋਟੋ ਨੱਥੀ ਕੀਤੀ ਹੈ। ਦੂਜੀ ਫੋਟੋ ਵਿਚ ਮੁੱਖ ਮੰਤਰੀ ਗੁਪਤਾ ਦੇ ਨਾਲ ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਮਹਾਤਮਾ ਗਾਂਧੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਫੋਟੋਆਂ ਦਿਖਾਈ ਦੇ ਰਹੀਆਂ ਹਨ ਅਤੇ ਡਾ. ਅੰਬੇਡਕਰ ਤੇ ਸ਼ਹੀਦ ਭਗਤ ਸਿੰਘ ਦੀਆਂ ਫੋਟੋਆਂ ਨਹੀਂ ਦਿਖਾਈ ਦੇ ਰਹੀਆਂ।

# ਬੋਰਵੈੱਲ ਨੇ ਫਿਰ ਲਈ ਮਾਸੂਮ ਦੀ ਜਾਨ, 32 ਫੁੱਟ ਡੂੰਘੇ ਬੋਰਵੈੱਲ ਵਿਚ ਡਿੱਗੇ ਮਾਸੂਮ ਦੀ ਮੌਤ

**ਰਾਜਸਥਾਨ।** ਰਾਜਸਥਾਨ ਵਿੱਚ ਇੱਕ ਵਾਰ ਫਿਰ ਇੱਕ ਮਾਸੂਮ ਬੱਚੇ ਦੀ ਬੋਰਵੈੱਲ ਵਿੱਚ ਡਿੱਗ ਕੇ ਜਾਨ ਚਲੀ ਗਈ। ਕੱਲ੍ਹ ਝਾਲਾਵਾੜ ਵਿੱਚ ਇੱਕ 5 ਸਾਲਾ ਬੱਚਾ ਖੇਡਦੇ ਹੋਏ 32 ਫੁੱਟ ਡੂੰਘੇ ਬੋਰਵੈੱਲ ਵਿੱਚ ਡਿੱਗ ਗਿਆ ਸੀ। ਕਰੀਬ 13 ਘੰਟਿਆਂ ਤੱਕ ਚੱਲੇ ਬਚਾਅ ਕਾਰਜ ਤੋਂ ਬਾਅਦ ਬੱਚੇ ਨੂੰ ਬਾਹਰ ਕੱਢਿਆ ਗਿਆ ਪਰ ਉਦੋਂ ਤੱਕ ਉਹ ਜ਼ਿੰਦਗੀ ਦੀ ਲੜਾਈ ਹਾਰ ਚੁੱਕਾ ਸੀ। ਬੋਰਵੈੱਲ 'ਚ ਡਿੱਗਣ ਨਾਲ ਬੱਚੇ ਦੀ ਮੌਤ ਹੋ ਗਈ। ਹਾਦਸਾ ਐਤਵਾਰ ਦੁਪਹਿਰ ਕਰੀਬ 2 ਵਜੇ ਵਾਪਰਿਆ। ਮਾਮਲੇ ਦੀ ਜਾਣਕਾਰੀ ਮਿਲਣ ਤੋਂ ਬਾਅਦ ਐਸਡੀਆਰਐਫ਼ ਦੇ ਨਾਲ ਐਨਡੀਆਰਐਫ਼ ਦੀ ਟੀਮ ਵੀ ਬਚਾਅ ਵਿੱਚ ਜੁੱਟ ਗਈ ਸੀ। ਬਚਾਅ ਕਾਰਜ 13 ਘੰਟੇ ਤੱਕ ਚੱਲਿਆ ਅਤੇ ਅੱਜ ਸਵੇਰੇ ਬੱਚੇ ਨੂੰ ਬੋਰਵੈੱਲ ਤੋਂ ਬਾਹਰ ਕੱਢ ਲਿਆ ਗਿਆ ਪਰ ਉਦੋਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਹਾਦਸਾ ਦਾਗ ਥਾਣਾ ਖੇਤਰ ਦੇ ਪਿੰਡ ਪਡਾਲਾ ਵਿੱਚ ਐਤਵਾਰ (23 ਫ਼ਰਵਰੀ) ਨੂੰ ਵਾਪਰਿਆ। ਪੁਲਿਸ ਅਨੁਸਾਰ ਦੁਪਹਿਰ ਕਰੀਬ 1:15 ਵਜੇ ਪ੍ਰਹਿਲਾਦ ਨਾਮ ਦਾ ਬੱਚਾ ਖੇਤ ਵਿੱਚ





ਖੇਡ ਰਿਹਾ ਸੀ। ਕਥਿਤ ਤੌਰ 'ਤੇ ਉਹ ਬੋਰਵੈੱਲ ਦੇ ਕੋਲ ਇੱਕ ਪੱਥਰ ਦੇ ਬਲਾਕ 'ਤੇ ਬੈਠਾ ਸੀ ਅਤੇ ਉਸ ਤੋਂ ਫਿਸਲ ਕੇ ਬੋਰਵੈੱਲ ਵਿੱਚ ਡਿੱਗ ਗਿਆ। ਜਦੋਂ ਬੱਚਾ ਡਿੱਗਿਆ ਤਾਂ ਉਸ ਦੇ ਮਾਤਾ-ਪਿਤਾ ਖੇਤ ਦੇ ਦੂਜੇ ਪਾਸੇ ਕਿਸੇ ਹੋਰ ਕੰਮ ਵਿੱਚ ਰੁੱਝੇ ਹੋਏ ਸਨ। ਬੱਚਾ 32 ਫੁੱਟ ਦੀ ਡੂੰਘਾਈ 'ਚ ਫਸ ਗਿਆ ਸੀ। ਬੱਚੇ ਦੇ ਬੋਰਵੈੱਲ 'ਚ ਡਿੱਗਣ ਦੀ ਸੂਚਨਾ ਮਿਲਦੇ ਹੀ ਟੀਮ ਤੁਰੰਤ ਬਚਾਅ ਕਾਰਜ ਲਈ ਉੱਥੇ ਪਹੁੰਚੀ ਅਤੇ ਉਸ ਨੂੰ ਬਚਾਉਣਾ ਸ਼ੁਰੂ ਕਰ ਦਿੱਤਾ। ਸ਼ੁਰੂ ਵਿੱਚ ਬੋਰਵੈੱਲ ਵਿੱਚੋਂ ਬੱਚੇ ਦੇ ਰੋਣ ਦੀ ਆਵਾਜ਼ ਸੁਣਾਈ ਦਿੱਤੀ। ਇਸ ਦੇ ਨਾਲ ਹੀ ਬੋਰਵੈੱਲ ਦੇ ਅੰਦਰ ਪਾਈਪਾਂ ਰਾਹੀਂ ਆਕਸੀਜਨ ਦੀ ਸਪਲਾਈ ਵੀ ਕੀਤੀ ਜਾ ਰਹੀ ਸੀ। ਪੱਥਰੀਲਾ ਖੇਤਰ ਹੋਣ ਕਾਰਨ ਬਚਾਅ ਵਿੱਚ ਕਾਫ਼ੀ ਮੁਸ਼ਕਲ ਆਈ। SDRF ਦੀ ਟੀਮ ਨੇ ਬੱਚੇ ਨੂੰ ਰਿੰਗ 'ਚ ਫਸਾ ਕੇ ਬਚਾਉਣ ਦੀ ਕੋਸ਼ਿਸ਼ ਕੀਤੀ। ਇਸ ਦੇ ਨਾਲ ਹੀ ਕੋਟਾ ਤੋਂ NDRF ਦੀ ਟੀਮ ਵੀ ਬਚਾਅ ਲਈ ਪਹੁੰਚ ਗਈ ਸੀ। ਬੱਚੇ ਨੂੰ 13 ਘੰਟੇ ਬਾਅਦ ਬੋਰਵੈੱਲ ਤੋਂ ਬਾਹਰ ਕੱਢਿਆ ਗਿਆ ਪਰ ਉਦੋਂ ਤੱਕ ਉਸ ਦਾ ਸਾਹ ਰੁਕ ਚੁੱਕਾ ਸੀ।

# ਗੋਇੰਦਵਾਲ ਸਾਹਿਬ 'ਚ ਵਾਪਰੇ ਭਿਆਨਕ ਹਾਦਸੇ ਵਿਚ 2 ਨਾਬਾਲਗ ਬੱਚਿਆਂ ਦੀ ਮੌਤ

**ਗੋਇੰਦਵਾਲ ਸਾਹਿਬ।** ਗੋਇੰਦਵਾਲ ਸਾਹਿਬ ਰੋਡ ’ਤੇ ਨਵਾਂ ਪਿੰਡ ਭੱਠੇ ਨੇੜੇ ਦਰਦ-ਨਾਕ ਸੜਕ ਹਾਦਸਾ ਵਾਪਰ ਗਿਆ। ਇਥੇ ਟਰੱਕ ਤੇ ਮੋਟਰਸਾਈਕਲ ਦੀ ਆਹਮੋ ਸਾਹਮਣੇ ਟੱਕਰ ਹੋ ਗਈ। ਇਸ ਹਾਦਸੇ ਵਿਚ ਦੋ ਲੜਕਿਆਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ 14 ਸਾਲਾਂ ਨਿਤੀਸ਼ ਕੁਮਾਰ ਪੁੱਤਰ ਅਮਰਜੀਤ ਅਤੇ 16 ਸਾਲਾ ਰੂਪੇਸ਼ ਕੁਮਾਰ ਪੁੱਤਰ ਸੀਤਾਰਾਮ ਵਾਸੀ ਭਵਾਨੀਪੁਰ ਵਜੋਂ ਹੋਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਥਾਣਾ ਕੋਤਵਾਲੀ ਦੇ ਏ.ਐਸ.ਆਈ. ਹਰਦੇਵ ਸਿੰਘ ਨੇ



ਦੱਸਿਆ ਕਿ ਟੱਕਰ ਵਿਚ ਦੋ ਨੌਜਵਾਨਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ, ਜਿਨ੍ਹਾਂ ਦੀ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਸਿਵਲ ਹਸਪਤਾਲ ਕਪੂਰਥਲਾ ਦੇ ਮੁਰਦਾ ਘਰ ’ਚ ਰਖਵਾਇਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਦੋਵੇਂ ਲੜਕੇ ਨਵਾਂ ਪਿੰਡ ਭੱਠੇ ਤੋਂ ਭਵਾਨੀਪੁਰ ਵੱਲ ਨੂੰ ਜਾ ਰਹੇ ਸੀ ਤਾਂ ਗੋਇੰਦਵਾਲ ਸਾਹਿਬ ਰੋਡ ’ਤੇ ਨਵਾਂ ਪਿੰਡ ਭੱਠੇ ਨੇੜੇ ਸਾਹਮਣੇ ਤੋਂ ਆਉਂਦੇ ਟਰੱਕ ਨਾਲ ਇਨ੍ਹਾਂ ਦੀ ਟੱਕਰ ਹੋ ਗਈ। ਟਰੱਕ ਡਰਾਈਵਰ ਮੌਕੇ ’ਤੋਂ ਫ਼ਰਾਰ ਹੋ ਗਿਆ ਦੱਸਿਆ ਜਾ ਰਿਹਾ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਸ੍ਰੀ ਮੁਕਤਸਰ ਸਾਹਿਬ ’ਚ ਲਾਰੈਂਸ ਬਿਸ਼ਨੋਈ ਗਰੋਹ ਦੇ 2 ਮੈਂਬਰਾਂ ਨੂੰ ਕੀਤਾ ਕਾਬੂ

**ਸ੍ਰੀ ਮੁਕਤਸਰ ਸਾਹਿਬ।** ਡਾ. ਅਖਿਲ ਚੌਧਰੀ ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਿਸ, ਸ੍ਰੀ ਮੁਕਤਸਰ ਸਾਹਿਬ ਜੀ ਦੇ ਦਿਸ਼ਾ ਨਿਰਦੇਸ਼ ਹੇਠ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਚ ਮਾੜੇ ਅਨਸਰਾਂ ਤੇ ਗੈਂਗਸਟਰਾਂ ਵਿਰੁਧ ਵਿੱਢੀ ਮੁਹਿੰਮ ਨੂੰ ਉਸ ਵਕਤ ਭਰਵਾਂ ਹੁੰਗਾਰਾਂ ਮਿਲਿਆ ਜਦੋਂ ਮਨਮੀਤ ਸਿੰਘ ਢਿੱਲੋਂ ਐਸ.ਪੀ (ਡੀ) ਅਤੇ ਰਮਨਪ੍ਰੀਤ ਸਿੰਘ ਗਿੱਲ ਡੀ.ਐਸ.ਪੀ (ਡੀ) ਸ੍ਰੀ ਮੁਕਤਸਰ ਸਾਹਿਬ ਦੀ ਯੋਗ ਅਗਵਾਈ ਹੇਠ ਇੰਸਪੈਕਟਰ ਗੁਰਵਿੰਦਰ ਸਿੰਘ ਇੰਚਾਰਜ ਸੀ.ਆਈ.ਏ. ਸਟਾਫ਼ ਸ੍ਰੀ ਮੁਕਤਸਰ ਸਾਹਿਬ ਦੀ ਟੀਮ ਨੇ 2 ਵਿਅਕਤੀਆਂ ਨੂੰ ਸਮੇਤ 3 ਵਿਦੇਸ਼ੀ ਪਿਸਟਲਾਂ ਅਤੇ 20 ਜਿੰਦਾਂ ਰੌਂਦਾਂ ਅਤੇ ਇਕ ਮੋਬਾਈਲ ਫ਼ੋਨ ਸਮੇਤ ਸਿਮ ਕਾਬੂ ਕਰਨ ਵਿਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ।ਜਾਣਕਾਰੀ ਦਿੰਦੇ ਹੋਏ ਡਾ. ਅਖਿਲ ਚੌਧਰੀ ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਿਸ, ਸ੍ਰੀ ਮੁਕਤਸਰ ਸਾਹਿਬ ਨੇ ਦਸਿਆ ਸੀ.ਆਈ.ਏ. ਸਟਾਫ਼, ਸ੍ਰੀ ਮੁਕਤਸਰ ਸਾਹਿਬ ਦੀ ਟੀਮ ਜਦ ਗਸਤ ਦੌਰਾਨ ਫ਼ਿਰੋਜ਼ਪੁਰ ਰੋੜ, ਨੇੜੇ ਗੌਰਮਿੰਟ ਕਾਲਜ ਸ੍ਰੀ ਮੁਕਤਸਰ ਸਾਹਿਬ ਮੌਜੂਦ ਸੀ ਤਾਂ ਦੋ ਨੌਜਵਾਨ ਵਿਅਕਤੀ ਜਿਨ੍ਹਾਂ ਨੂੰ ਸ਼ੱਕ ਦੀ ਬਿਨ੍ਹਾ ਤੇ ਰੋਕ ਕੇ ਨਾਮ ਪਤਾ ਪੁੱਛਿਆ ਤਾਂ ਇਕ ਮੋਨੇ ਨੌਜਵਾਨ ਨੇ ਅਪਣਾ ਨਾਮ ਰਵੀ



ਕੁਮਾਰ ਪੁੱਤਰ ਨੱਥੂ ਰਾਮ ਵਾਸੀ ਗਾਂਧੀ ਨਗਰ, ਗਲੀ ਨੰਬਰ 02, ਨੇੜੇ ਬੱਗੂ ਭਗਤ ਦਾ ਡੇਰਾ ਸ੍ਰੀ ਮੁਕਤਸਰ ਸਾਹਿਬ ਅਤੇ ਦੂਸਰੇ ਨੌਜਵਾਨ ਦੇ ਅਪਣਾ ਨਾਮ ਅਵਤਾਰ ਸਿੰਘ ਉਰਫ਼ ਲੱਬਾ ਬਾਬਾ ਪੁੱਤਰ ਜੰਡ ਸਿੰਘ ਵਾਸੀ ਗਲੀ ਨੰਬਰ 9, ਕੋਟਲੀ ਰੋਡ, ਸ੍ਰੀ ਮੁਕਤਸਰ ਸਾਹਿਬ ਦਸਿਆ। ਜਿਨ੍ਹਾਂ ਦੀ ਤਲਾਸ਼ੀ ਕਰਨ ’ਤੇ ਮੋਨੇ ਨੌਜਵਾਨ ਕੋਲੋਂ ਇਕ ਪਿਸਟਲ ਬ੍ਰਾਮਦ ਹੋਇਆ ਜਿਸ ਦੇ ਮੈਗਜੀਨ ਵਿਚ ਰੌਂਦ ਲੋਡ ਸੀ। ਜਿਸ ਨਾਲ 10 ਜ਼ਿੰਦਾ ਰੌਂਦ ਬ੍ਰਾਮਦ ਹੋਏ। ਪੁਲਿਸ ਪਾਰਟੀ ਵਲੋ ਮੁਸ਼ਤੈਦੀ ਵਰਤਦੇ ਹੋਏ ਦੂਸਰੇ ਨੌਜਵਾਨ ਦਾ ਬੈਗ ਚੈੱਕ ਕੀਤਾ ਤਾਂ ਉਸ ਵਿਚ ਦੋ ਹੋਰ ਪਿਸਟਲ ਸਮੇਤ ਇਕ ਮੈਗਜ਼ੀਨ ਅਤੇ 10 ਜ਼ਿੰਦਾ ਰੌਂਦ ਬਰਾਮਦ ਹੋਏ। ਤਿੰਨੇ ਹੀ ਪਿਸਟਲ ਵਿਦੇਸ਼ੀ ਸਨ। ਉਕਤਾਨ ਵਿਅਕਤੀਆਂ ਨੂੰ ਸਮੇਤ ਤਿੰਨ ਵਿਦੇਸ਼ੀ ਪਿਸਟਲ ਅਤੇ ਮੋਬਾਇਲ ਫ਼ੋਨ ਅਤੇ ਸਿਮ ਦੇ ਕਾਬੂ ਕਰ ਕੇ ਇਨ੍ਹਾਂ ਵਿਰੁਧ ਮੁਕੱਦਮਾ ਨੰਬਰ 24 ਮਿਤੀ 21.02.2025 ਅ/ਧ 25/27/54/59 ਅਸਲਾ ਐਕਟ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦਰਜ ਰਜਿਸਟਰ ਕਰ ਕੇ ਜਾਂਚ ਸ਼ੁਰੂ ਕਰ ਦਿਤੀ ਹੈ। ਮੁੱਢਲੀ ਤਫ਼ਤੀਸ਼ ਵਿਚ ਪਤਾ ਲੱਗਾ ਕਿ ਇਹ ਦੋਵੇਂ ਅਨਸਰ ਲਾਰੇਂਸ ਬਿਸ਼ਨੋਈ ਗੁਰੱਪ ਦੇ ਗੁਰਗੇ ਸਚਿਨ ਚੜੇਵਾਨ ਨਾਲ ਸਬੰਧ ਰੱਖਦੇ ਸਨ, ਜਿਸ ਤੇ ਰਵੀ ਕੁਮਾਰ ਅਤੇ ਅਵਤਾਰ ਸਿੰਘ ਉਰਫ਼ ਲੱਬਾ ਬਾਬਾ ਉਕਤਾਨ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕੀਤਾ। ਜਿਥੇ ਪੁਲਿਸ ਨੇ ਰਿਮਾਂਡ ਹਾਸਲ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿਤੀ ਹੈ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਕੈਨੇਡਾ ਗਏ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ

**ਮੁਕਤਸਰ ਸਾਹਿਬ।** ਮੁਕਤਸਰ ਜ਼ਿਲ੍ਹੇ ਦਾ ਰਹਿਣ ਵਾਲੇ 24 ਸਾਲਾ ਹਰਮਨਜੋਤ ਸਿੰਘ ਦੀ ਕੈਨੇਡਾ ’ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ। ਹਰਮਨਜੋਤ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਹ 14 ਮਹੀਨੇ ਪਹਿਲਾਂ ਪਰਿਵਾਰ ਦੀ ਵਿੱਤੀ ਹਾਲਤ ਸੁਧਾਰਨ ਲਈ ਕਰਜ਼ਾ ਲੈ ਕੇ ਕੈਨੇਡਾ ਗਿਆ ਸੀ। ਹਰਮਨ-ਜੋਤ ਕੈਨੇਡਾ ਦੇ ਐਡਮਿੰਟਨ ਸ਼ਹਿਰ ’ਚ ਰਹਿ ਰਿਹਾ ਸੀ। 21 ਫ਼ਰਵਰੀ ਦੀ ਦੁਪਹਿਰ ਅਚਾਨਕ ਉਸ ਨੂੰ ਦਿਲ ਦਾ ਦੌਰਾ ਪੈ ਗਿਆ। ਇਸ ਦੌਰਾਨ ਉਸ ਦੀ ਮੌਤ ਹੋ ਗਈ। ਹਰਮਨਜੋਤ ਦੇ ਪਿਤਾ ਗੁਰਸੇਵਕ ਸਿੰਘ ਦਾ ਕਈ ਸਾਲ ਪਹਿਲਾਂ ਦਿਹਾਂਤ ਹੋ ਗਿਆ ਸੀ। ਹੁਣ ਘਰ ਵਿਚ



ਸਿਰਫ਼ ਉਸ ਦੀ ਮਾਂ ਤੇ ਦਾਦੀ ਹੀ ਰਹਿ ਗਈਆਂ ਹਨ। ਪਰਿਵਾਰ ਕੋਲ ਸਿਰਫ਼ ਚਾਰ ਏਕੜ ਜ਼ਮੀਨ ਹੈ। ਬਿਹਤਰ ਭਵਿੱਖ ਦੀ ਉਮੀਦ ’ਚ ਪਰਿਵਾਰ ਨੇ ਕਰਜ਼ਾ ਲੈ ਕੇ ਹਰਮਨਜੋਤ ਨੂੰ ਕੈਨੇਡਾ ਭੇਜਿਆ ਸੀ। ਉਸ ਦੀ ਮੌਤ ਤੋਂ ਬਾਅਦ ਪਰਿਵਾਰ ’ਚ ਕੋਈ ਕਮਾਉਣ ਵਾਲਾ ਮੈਂਬਰ ਨਹੀਂ ਬਚਿਆ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਫਤਿਹਗੜ੍ਹ ਦੇ ਪਾਦਰੀ ਦੀ ਪਤਨੀ ਨੇ ਜਲੰਧਰ 'ਚ ਪਾਦਰੀ ਸਮੇਤ ਪੰਜ ਲੋਕਾਂ 'ਤੇ ਲਗਾਏ ਜਬਰ-ਜਨਾਹ ਦੇ ਇਲਜ਼ਾਮ

**ਜਲੰਧਰ:** ਜਲੰਧਰ ਵਿੱਚ ਸ੍ਰੀ ਫਤਿਹਗੜ੍ਹ ਸਾਹਿਬ ਦੇ ਇੱਕ ਪਾਦਰੀ ਦੀ ਪਤਨੀ ਨਾਲ ਜਲੰਧਰ ਦੇ ਪਾਦਰੀ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਬਲਾਤਕਾਰ ਕਰਨ ਦਾ ਇਲਜ਼ਾਮ ਲਗਾਇਆ ਹੈ। ਇਸ ਸਬੰਧੀ ਕਮਿਸ਼ਨਰੇਟ ਪੁਲਿਸ ਦੇ ਥਾਣਾ ਡਿਵੀਜ਼ਨ ਨੰਬਰ-6 ਦੀ ਪੁਲਿਸ ਨੇ ਮੁਲਜ਼ਮਾਂ ਫਾਰਿਸ ਮਸੀਹ ਪੁੱਤਰ ਤੇਜ ਮਸੀਹ, ਪ੍ਰਗਟ ਸਿੰਘ ਉਰਫ਼ ਜੋਸਫ਼, ਬਲਕਾਰ ਮਸੀਹ, ਮਾਹੀ ਮਨਚੰਦਾ ਅਤੇ ਵੀਰਬਲ, ਵਾਸੀ ਜੀਸਸ ਵਿਲਾ, ਗਾਰਡਨ ਕਲੋਨੀ, ਜਲੰਧਰ ਵਿਰੁੱਧ ਬਲਾਤਕਾਰ ਦਾ ਮਾਮਲਾ ਦਰਜ ਕੀਤਾ ਹੈ। ਫਿਲਹਾਲ ਇਸ ਮਾਮਲੇ ਵਿੱਚ ਕਿਸੇ ਵੀ ਦੋਸ਼ੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਥਾਣਾ ਡਿਵੀਜ਼ਨ ਨੰਬਰ-6 ਦੇ ਐਸਐਚਓ ਭੂਸ਼ਣ ਕੁਮਾਰ ਨੇ ਕੇਸ ਦਰਜ ਹੋਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਤੋਂ ਬਾਅਦ ਮਾਮਲੇ ਵਿੱਚ ਅਗਲੀ ਕਾਰਵਾਈ ਕੀਤੀ ਜਾਵੇਗੀ।

ਪੁਲਿਸ ਨੂੰ ਦਿੱਤੇ ਆਪਣੇ ਬਿਆਨ ਵਿੱਚ, ਫਤਿਹਗੜ੍ਹ ਸਾਹਿਬ ਦੇ ਵਸਨੀਕ ਪਾਦਰੀ ਦੀ ਪਤਨੀ ਨੇ ਕਿਹਾ ਕਿ ਉਹ ਈਸਾਈ ਭਾਈਚਾਰੇ ਨਾਲ ਸਬੰਧਤ ਹੈ ਅਤੇ ਅਕਸਰ ਧਾਰਮਿਕ ਪ੍ਰਚਾਰ ਲਈ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦਾ ਦੌਰਾ ਕਰਦੀ ਹੈ। ਉਸਦਾ ਪਤੀ ਅਤੇ ਹੋਰ ਲੋਕ ਵੀ ਉਸਦੇ ਨਾਲ ਹਨ। ਜਲੰਧਰ ਦੇ ਪਾਦਰੀ ਫਾਰਿਸ ਮਸੀਹ ਉਸਦੀ ਜਾਣ-ਪਛਾਣ ਵਾਲੇ ਸਨ ਅਤੇ ਉਸਨੇ ਜਲੰਧਰ ਵਿੱਚ ਉਸਦੇ ਨਾਲ ਪ੍ਰਚਾਰ ਕੀਤਾ ਸੀ। ਜਿਸ ਕਾਰਨ ਉਹ ਇੱਕ ਦੂਜੇ ਨਾਲ ਗੱਲਾਂ ਕਰਦੇ ਸਨ। ਪੀੜਤ ਨੇ ਦੋਸ਼ ਲਗਾਇਆ ਹੈ ਕਿ ਉਸਨੂੰ ਫਾਰਿਸ ਤੋਂ ਪੈਸੇ ਇਕੱਠੇ ਕਰਨੇ ਪੈਂਦੇ ਸਨ। ਉਹ ਉਕਤ ਪੈਸੇ ਲੈਣ ਲਈ ਜਲੰਧਰ ਆਈ ਸੀ।



ਉਸ ਸਮੇਂ ਦੌਰਾਨ, ਦੋਸ਼ੀ ਨੇ ਉਸ ਨਾਲ ਉਪਰੋਕਤ ਅਪਰਾਧ ਕੀਤਾ। ਦੱਸ ਦੇਈਏ ਕਿ ਇਹ ਪੂਰੀ ਘਟਨਾ ਪਿਛਲੇ ਸਾਲ ਯਾਨੀ 2024 ਦੀ ਹੈ। ਥਾਣਾ ਡਿਵੀਜ਼ਨ ਨੰਬਰ-6 ਦੇ ਐਸਐਚਓ ਭੂਸ਼ਣ ਕੁਮਾਰ ਨੇ ਦੱਸਿਆ ਕਿ ਪੀੜਤ ਔਰਤ ਆਪਣੀ ਇੱਕ ਜਾਣਕਾਰ ਔਰਤ ਨਾਲ ਜਲੰਧਰ ਆਈ ਸੀ। ਉਸਨੂੰ ਪੈਸੇ ਲੈਣ ਲਈ ਫਾਰਿਸ ਮਸੀਹ ਨੇ ਖੁਦ ਬੁਲਾਇਆ ਸੀ। ਪੀੜਤਾ ਨੇ ਆਪਣੇ ਬਿਆਨ ਵਿੱਚ ਦੱਸਿਆ ਕਿ ਜਦੋਂ ਉਹ ਫਾਰਿਸ ਨੂੰ ਮਿਲਣ ਜਲੰਧਰ ਆਈ ਤਾਂ ਉਸਨੇ ਆਸ਼ੀਰਵਾਦ ਵਜੋਂ ਉਸਦੇ ਸਿਰ 'ਤੇ ਆਪਣਾ ਹੱਥ ਰੱਖਿਆ ਅਤੇ ਉਹ ਬੇਹੋਸ਼ ਹੋ ਗਈ। ਪੀੜਤਾ ਨੇ ਦੱਸਿਆ ਕਿ ਜਦੋਂ ਉਸਨੂੰ ਹੋਸ਼ ਆਇਆ ਤਾਂ ਉਸਦਾ ਸਰੀਰ ਦਰਦ ਕਰ ਰਿਹਾ ਸੀ। ਜਿਸ ਕਾਰਨ ਉਸਨੂੰ ਲੱਗਾ ਕਿ ਉਸਦੇ ਨਾਲ ਕੁਝ ਗਲਤ ਹੋਇਆ ਹੈ। ਜਿਸ ਤੋਂ ਬਾਅਦ ਜਦੋਂ ਮਾਮਲਾ ਵਧਿਆ ਤਾਂ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ। ਪੁਲਿਸ ਨੇ ਇਹ ਮਾਮਲਾ ਲੰਬੀ ਜਾਂਚ ਤੋਂ ਬਾਅਦ ਦਰਜ ਕੀਤਾ ਹੈ।

ਇਸ ਦੌਰਾਨ, ਮਾਮਲੇ ਦੀ ਜਾਂਚ ਕਰ ਰਹੇ ਥਾਣਾ ਡਿਵੀਜ਼ਨ ਨੰਬਰ-6 ਦੇ ਐਸਐਚਓ ਭੂਸ਼ਣ ਕੁਮਾਰ ਨੇ ਕਿਹਾ- ਮਾਮਲੇ ਵਿੱਚ ਪਹਿਲਾਂ ਕਿਹਾ ਗਿਆ ਸੀ ਕਿ ਉਕਤ ਔਰਤ ਆਪਣੀ ਧੀ ਨਾਲ ਆਈ ਸੀ। ਪਰ ਫਿਰ ਕਿਹਾ ਗਿਆ ਕਿ ਉਹ ਇੱਕ ਔਰਤ ਨਾਲ ਆਈ ਸੀ। ਇਨ੍ਹਾਂ ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਮਾਮਲੇ ਦੀ ਇਸ ਵੇਲੇ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ, ਇੱਕ ਤੋਂ ਵੱਧ ਵਿਅਕਤੀ ਬਲਾਤਕਾਰ ਵਿੱਚ ਸ਼ਾਮਲ ਹਨ। ਸਾਰਿਆਂ ਨੂੰ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ ਹੈ। ਸਮੂਹਿਕ ਬਲਾਤਕਾਰ ਦਾ ਦੋਸ਼ ਗੰਭੀਰ ਹੈ, ਇਸ ਲਈ ਜਾਂਚ ਤੋਂ ਬਾਅਦ ਸਾਰਿਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ।

# ਮੱਧ ਪ੍ਰਦੇਸ਼ 'ਚ ਜੀਪ ਤੇ ਬੱਸ ਵਿਚਾਲੇ ਭਿਆਨਕ ਟੱਕਰ, ਹਾਦਸੇ 'ਚ 6 ਲੋਕਾਂ ਦੀ ਮੌਤ



**ਜਬਲਪੁਰ।** ਮੱਧ ਪ੍ਰਦੇਸ਼ ਦੇ ਜਬਲਪੁਰ ਜ਼ਿਲ੍ਹੇ ਵਿੱਚ ਸੋਮਵਾਰ ਸਵੇਰੇ ਪ੍ਰਯਾਗਰਾਜ ਤੋਂ ਆ ਰਹੀ ਇੱਕ ਤੇਜ਼ ਰਫ਼ਤਾਰ ਜੀਪ ਦੀ ਬੱਸ ਨਾਲ ਟੱਕਰ ਹੋ ਗਈ, ਜਿਸ ਕਾਰਨ ਛੇ ਲੋਕਾਂ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖ਼ਮੀ ਹੋ ਗਏ। ਇੱਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਜਬਲਪੁਰ ਦੇ ਜ਼ਿਲ੍ਹਾ ਮੈਜਿਸਟਰੇਟ ਦੀਪਕ ਸਕਸੈਨਾ ਨੇ ਕਿਹਾ ਕਿ ਇਹ ਘਟਨਾ ਖਿਤੌਲੀ ਥਾਣਾ ਖੇਤਰ ਦੇ ਪਹਰੇਵਾ ਪਿੰਡ ਦੇ ਨੇੜੇ ਵਾਪਰੀ ਜਦੋਂ ਕਰਨਾਟਕ ਰਜਿਸਟ੍ਰੇਸ਼ਨ ਨੰਬਰ ਵਾਲੀ ਜੀਪ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਤੋਂ ਵਾਪਸ ਆ ਰਹੀ ਸੀ। ਉਨ੍ਹਾਂ ਕਿਹਾ ਕਿ ਜੀਪ ਚਾਲਕ ਨੇ ਗੱਡੀ ਤੋਂ ਕੰਟਰੋਲ ਗੁਆ ਦਿੱਤਾ, ਜਿਸ ਤੋਂ ਬਾਅਦ ਜੀਪ ਪਹਿਲਾਂ ਇੱਕ ਦਰੱਖਤ ਨਾਲ ਟਕਰਾ ਗਈ ਅਤੇ ਫਿਰ ਹਾਈਵੇਅ ਦੇ ਦੂਜੇ ਪਾਸੇ ਕ੍ਰਾਸ ਕਰ ਕੇ ਉਲਟ ਦਿਸ਼ਾ ਤੋਂ ਆ ਰਹੀ ਇੱਕ ਬੱਸ ਨਾਲ ਟਕਰਾ ਗਈ।

ਉਨ੍ਹਾਂ ਕਿਹਾ ਕਿ ਇਸ ਘਟਨਾ ਵਿੱਚ ਛੇ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਦੋ ਹੋਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਸਿਹੋਰਾ ਕਸਬੇ ਦੇ ਇੱਕ ਮੈਡੀਕਲ ਸੈਂਟਰ ਵਿੱਚ ਮੁੱਢਲੇ ਇਲਾਜ ਤੋਂ ਬਾਅਦ ਜਬਲਪੁਰ ਮੈਡੀਕਲ ਕਾਲਜ ਰੈਫ਼ਰ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਲੋਕ ਪ੍ਰਯਾਗਰਾਜ ਤੋਂ ਵਾਪਸ ਆ ਰਹੇ ਸਨ ਅਤੇ ਜਬਲਪੁਰ ਹੁੰਦੇ ਹੋਏ ਕਰਨਾਟਕ ਵੱਲ ਜਾ ਰਹੇ ਸਨ। ਇੱਕ ਅਧਿਕਾਰੀ ਨੇ ਦੱਸਿਆ ਕਿ ਬੱਸ ਕੁਝ ਸਮੇਂ ਲਈ ਰੁਕੀ ਜਿਸ ਤੋਂ ਬਾਅਦ ਡਰਾਈਵਰ ਗੱਡੀ ਸਮੇਤ ਮੌਕੇ ਤੋਂ ਭੱਜ ਗਿਆ। ਬੱਸ ਦਾ ਪਤਾ ਲਗਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਹਾਦਸੇ ਦੀ ਸੂਚਨਾ ਮਿਲਦੇ ਹੀ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਪੁਲਿਸ ਸੁਪਰਡੈਂਟ ਮੌਕੇ 'ਤੇ ਪਹੁੰਚ ਗਏ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਗੁਰਨਾਮ ਬਾਵਾ ਦੇ ਨਾਵਲ ਜ਼ਿੰਦਗੀ ਰਹੀ ਤਾਂ ਫਿਰ ਮਿਲਾਂਗੇ ਉੱਤੇ ਗੋਸ਼ਟੀ,ਵਿਚਾਰ ਚਰਚਾ ਅਤੇ ਕਵੀ ਦਰਬਾਰ

**ਫਗਵਾੜਾ(ਰਮੇਸ਼ਵਰ ਸਿੰਘ)** ਨਵੀਂ ਚੇਤਨਾ ਪੰਜਾਬੀ ਲੇਖਕ ਮੰਚ ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਸਹਿਯੋਗ ਨਾਲ ਡਾ.ਅੰਬੇਡਕਰ ਭਵਨ ਅਰਬਨ ਅਸਟੇਟ ਫਗਵਾੜਾ ਵਿਖੇ ਕੌਮਾਂਤਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਸਾਹਤਿਕ ਪ੍ਰੋਗਰਾਮ ਕਰਵਾ ਕੇ ਨਾਵਲਕਾਰ ਗੁਰਨਾਮ ਬਾਵਾ ਦੇ ਦੂਜੇ ਨਾਵਲ ਜ਼ਿੰਦਗੀ ਰਹੀ ਤਾਂ ਫਿਰ ਮਿਲਾਂਗੇ ਉੱਤੇ ਗੋਸ਼ਟੀ, ਵਿਚਾਰ ਚਰਚਾ ਕਰਵਾਈ ਗਈ।

ਪ੍ਰਧਾਨਗੀ ਮੰਡਲ ਵਿੱਚ ਪ੍ਰਸਿੱਧ ਸਾਹਿਤਕਾਰ ਨਿਰੰਜਨ ਬੋਹਾ,ਪ੍ਰੋ.ਸੰਧੂ ਵਰਿਆਣਵੀ (ਜਨ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ), ਐਡਵੋਕੇਟ ਐਸ ਐਲ ਵਿਰਦੀ, ਡਾ.ਜਗੀਰ ਸਿੰਘ ਨੂਰ, ਲੋਕ ਸ਼ਾਇਰ ਜਗਦੀਸ਼ ਰਾਣਾ ਅਤੇ ਮੁੱਖ ਮਹਿਮਾਨ ਵਜੋਂ ਵਿਸ਼ਵ ਪ੍ਰਸਿੱਧ ਗੀਤਕਾਰ ਮੱਖਣ ਲੁਹਾਰ ਸ਼ੁਸ਼ੋਭਿਤ ਹੋਏ।

ਇਸ ਮੌਕੇ ਨਾਵਲ ਜ਼ਿੰਦਗੀ ਰਹੀ ਤਾਂ ਫਿਰ ਮਿਲਾਂਗੇ ਉੱਤੇ ਪਰਚਾ ਪੜ੍ਹਦਿਆਂ ਨਿਰੰਜਨ ਬੋਹਾ ਨੇ ਕਿਹਾ ਕਿ ਨਾਵਲ ਮੌਜੂਦਾ ਸਮੇਂ ਦੇ ਆਮ ਮਨੁੱਖ ਦੇ ਸਮਾਜਿਕ,ਆਰਥਿਕ ਅਤੇ ਸੱਭਿਆਚਾਰਕ ਵਰਤਾਰੇ ਬਾਰੇ ਖੁੱਲ੍ਹ ਕੇ ਗੱਲ ਕਰਦਾ ਹੈ।ਉਹਨਾਂ ਕਿ ਉਹ ਭਵਿੱਖ ਵਿੱਚ ਨਾਵਲਕਾਰ ਗੁਰਨਾਮ ਬਾਵਾ ਨੂੰ ਇਕ ਵੱਡੇ ਨਾਵਲਕਾਰ ਵਜੋਂ ਵੇਖਦੇ ਹਨ।ਵਿਚਾਰ ਚਰਚਾ ਵਿੱਚ ਹਿੱਸਾ ਲੈਂਦਿਆਂ ਡਾ.ਸੋਮਾ



ਸਬਲੋਕ,ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ,ਚਰਨਜੀਤ ਗਿੱਲ ਸਮਾਲ- ਸਰ,ਮਾਸਟਰ ਜਿੰਗਾ ਸਿੰਘ ਅਤੇ ਸੰਦੀਪ ਨਈਅਰ ਨੇ ਕਿਹਾ ਕਿ ਜ਼ਿਆਦਾਤਰ ਪੰਜਾਬੀ ਨਾਵਲ ਕਿਸਾਨੀ ਜਾਂ ਪੇਂਡੂ ਧਰਾਤਲ ਤੇ ਅਧਾਰਿਤ ਹੀ ਲਿਖੇ ਜਾਂਦੇ ਰਹੇ ਹਨ ਪਰ ਇਸ ਨਾਵਲ ਦੇ ਪਾਤਰ ਬਿਲਕੁਲ ਅਲੱਗ ਹਨ ਤੇ ਗੁਰਨਾਮ ਬਾਵਾ ਦੀ ਸ਼ੈਲੀ ਪਾਠਕ ਨੂੰ ਕਿਤੇ ਵੀ ਟੁੱਟਣ ਨਹੀਂ ਦਿੰਦੀ।ਪ੍ਰੋ.ਸੰਧੂ ਵਰਿਆਣਵੀ ਅਤੇ ਜਗਦੀਸ਼ ਰਾਣਾ ਨੇ ਕਿਹਾ ਕਿ ਗੁਰਨਾਮ ਬਾਵਾ ਜ਼ਮੀਨ ਨਾਲ਼ ਜੁੜਿਆ ਹੋਇਆ ਲੇਖਕ ਹੈ ਇਸ ਲਈ ਉਸ ਦੇ ਨਾਵਲ ਦੇ ਪਾਤਰ ਵੀ ਆਮ ਲੋਕ ਬਣਦੇ ਹਨ।

ਇਸ ਮੌਕੇ ਨਵੀਂ ਚੇਤਨਾ ਪੰਜਾਬੀ ਲੇਖਕ ਮੰਚ ਵਲੋਂ ਨਿਰੰਜਨ ਬੋਹਾ,ਗੁਰਨਾਮ ਬਾਵਾ ਅਤੇ ਵਿਸ਼ਵ ਪ੍ਰਸਿੱਧ ਗੀਤਕਾਰ ਅਤੇ ਮੰਚ ਦੇ ਚੇਅਰਮੈਨ ਮੱਖਣ ਲੁਹਾਰ ਦਾ ਸ਼ਾਨਦਾਰ ਮੋਮੇਂਟੋ,ਕਿਤਾਬਾਂ ਅਤੇ ਦੁਸ਼ਾਲਿਆਂ ਨਾਲ਼ ਸਨਮਾਨ ਕੀਤਾ ਗਿਆ।ਗੁਰਨਾਮ ਬਾਵਾ ਨੇ ਇਸ ਮੌਕੇ ਭਾਵੁਕ ਹੁੰਦਿਆਂ ਕਿਹਾ ਕਿ ਪੰਜਾਬੀ ਜ਼ੁਬਾਨ ਦੇ ਨਾਮਵਰ ਸਾਹਿਤਕਾਰਾਂ ਦੁਆਰਾ ਉਸ ਦੇ ਨਾਵਲ ਤੇ ਵਿਚਾਰ ਰੱਖਣਾ ਉਸ ਲਈ ਬੜੀ ਵੱਡੀ ਤੇ ਮਾਣ ਵਾਲੀ ਗੱਲ ਹੈ।ਮੱਖਣ ਲੁਹਾਰ ਨੇ ਕਿਹਾ ਕਿ ਉਹ ਭਾਵੇਂ ਲੰਮੇ ਸਮੇਂ ਤੋਂ ਵਿਦੇਸ਼ ਵਿਚ ਰਹਿੰਦੇ ਹਨ ਪਰ ਪੰਜਾਬੀ ਦੇ ਸਾਹਿਤਕਾਰਾਂ ਨੂੰ ਨਿੱਠ ਕਿ ਪੜ੍ਹਦੇ ਹਨ ਤੇ ਉਹਨਾਂ ਖ਼ੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਉਸ ਦੁਆਰਾ ਸਥਾਪਿਤ ਕੀਤਾ ਨਵੀਂ ਚੇਤਨਾ ਪੰਜਾਬੀ ਲੇਖਕ ਮੰਚ ਵਧੀਆ ਕੰਮ ਕਰ ਰਿਹਾ ਹੈ।ਅੰਤ ਵਿੱਚ ਹੋਏ ਕਵੀ ਦਰਬਾਰ ਵਿਚ ਮੱਖਣ ਲੁਹਾਰ , ਡਾ.ਸੋਮਾ ਸਬਲੋਕ,ਤਰਨਜੀਤ ਗੋਗੋਂ, ਜਸਵਿੰਦਰ ਸਿੰਘ ਜੱਸੀ,ਰਮਣੀਕ ਸਿੰਘ ਘੁੰਮਣ,ਹਰਦਿਆਲ ਹੁਸ਼ਿਆਰਪੁਰੀ, ਸੀਰਤ ਸਿਖਿਆਰਥੀ,ਜਸਵੰਤ ਸਿੰਘ ਮਜਬੂਰ,ਕੁਲਵਿੰਦਰ ਬਾਘਾਪੁਰਾਣਾ, ਮਨਜੀਤ ਸਿੰਘ,ਸੁਖਦੇਵ ਗੰਢਵਾਂ,ਸ਼ੀਤਲ ਬੰਗਾ,ਪ੍ਰੋ.ਰਮਨ ਮਸ਼ਾਣਵੀ, ਆਦਿ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਇਸ ਮੌਕੇ ਵਿਸ਼ੇਸ਼ ਤੌਰ ਤੇ ਸੋਹਣ ਸਹਿਜਲ,ਪ੍ਰਵੀਨ ਬੰਗਾ, ਸ਼ਾਮ ਸਰਗੂੰਦੀ,ਦਵਿੰਦਰ ਜੱਸਲ, ਗੁਰਮੁਖ ਲੁਹਾਰ,ਬਲਬੀਰ ਕੌਰ ਬੱਬੂ ਸੈਣੀ,ਹਰੀਸ਼ ਭੰਡਾਰੀ, ਗੁਰਦੀਪ ਸਿੰਘ ਮੁਕੱਦਮ,ਭਿੰਡਰ ਪਟਵਾਰੀ, ਬਲਵਿੰਦਰ ਗੁਰਾਇਆਂ, ਪ੍ਰੀਤ ਮੁਹੱਦੀਪੁਰੀਆ,ਅੰਮ੍ਰਿਤ ਪਵਾਰ,ਘਣਸ਼ਿਆਮ ਜੀ, ਅਵਤਾਰ ਸਿੰਘ ਲੁਹਾਰ,ਕਮਲ ਧਰਮਸ਼ੋਤ, ਅਵਤਾਰ ਸਿੰਘ ਬਾਘਾਪੁਰਾਣਾ,ਸਤਪਾਲ ਸਾਹਲੋਂ,ਬੰਸੋ ਦੇਵੀ,ਰਵਿੰਦਰ ਸਿੰਘ ਰਾਏ , ਸੋਢੀ ਸੱਤੋਵਾਲੀ ਮੱਖਣ ਆਲਮ ,ਦੀਪ ਜਗਤਪੁਰੀ,ਨਵਨੂਰ ਕਮਲ,ਟੋਨੀ ਦੁਸਾਂਝ,ਅਜ਼ਾਦ ਰੰਗ ਮੰਚ ਤੋਂ ਗਮਨੂੰ ਬਾਂਸਲ,ਬੀਬਾ ਕੁਲਵੰਤ ਅਤੇ ਹੋਰ ਮੌਜੂਦ ਰਹੇ।

# ਜਸਵੰਤ ਸਿੰਘ ਬੇਦੀ ਦੀ ਦੂਜੀ ਬਰਸੀ ਤੇ ਬਹੁ ਪੱਖੀ ਲੇਖਕ ਬੂਟਾ ਸਿੰਘ ਚੌਹਾਨ ਦਾ ਸਨਮਾਨ

**ਬਰਨਾਲਾ (ਚੰਡਿਹੋਕ)** ਬੀਤੇ ਦਿਨੀਂ ਸਥਾਨਕ ਗੁਰਦੁਆਰਾ ਬਾਬਾ ਨਾਮਦੇਵ ਵਿਖੇ ਜਸਵੰਤ ਸਿੰਘ ਬੇਦੀ ਦੀ ਦੂਜੀ ਬਰਸੀ ਮਨਾਈ ਗਈ। ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਦਾ ਲਿਖਿਆ ਨਾਵਲ 'ਸਾਥ ਪਰਿੰਦਿਆਂ ਦਾ' ਦੇ ਨਾਇਕ ਜਸਵੰਤ ਸਿੰਘ ਬੇਦੀ ਹਨ। ਇਸ ਮੌਕੇ ਬਹੁਤ ਪੱਖੀ ਲੇਖਕ ਬੂਟਾ ਸਿੰਘ ਚੌਹਾਨ ਨੂੰ ਜਸਵੰਤ ਸਿੰਘ ਬੇਦੀ ਦੀ ਯਾਦ ਵਿੱਚ ਦੂਸਰਾ ਐਵਾਰਡ ਦਿੱਤਾ ਗਿਆ।

ਸਨਮਾਨ ਦੇਣ ਸਮੇਂ ਪਰਿਵਾਰ ਦੇ ਮੈਂਬਰ ਮਾਤਾ ਗੁਰਦਿਆਲ ਕੌਰ, ਡਾ: ਭੁਪਿੰਦਰ ਸਿੰਘ ਬੇਦੀ, ਜਸਵੀਰ ਕੌਰ ਬੇਦੀ ਅਤੇ ਬੇਦੀ ਪਰਿਵਾਰ ਦੇ ਸਾਰੇ ਮੈਂਬਰ ਅਤੇ ਡਾ: ਸਤਨਾਮ ਸਿੰਘ ਜੱਸਲ ਰਿਟਾਇਰ ਡੀਨ, ਪ੍ਰੋ: ਰੀਜਨਲ ਸੈਂਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਸ਼ਾਮਿਲ ਹੋਏ।

ਧਾਰਮਿਕ ਰਸਮ ਤੋਂ ਬਾਅਦ ਰਘਵੀਰ ਸਿੰਘ ਕੱਟੂ ਨੇ ਜਸਵੰਤ ਸਿੰਘ ਬੇਦੀ ਬਾਰੇ ਬੋਲੀ ਕਾਵਿ ਨਾਲ ਸਖਸ਼ੀਅਤ ਨੂੰ ਉਭਾਰਿਆ। ਡਾ: ਸੰਪੂਰਨ ਸਿੰਘ ਟੱਲੇਵਾਲੀਆ ਤੇ ਡਾ: ਅਮਨਦੀਪ ਸਿੰਘ ਟੱਲੇਵਾਲੀਆ ਦੇ ਜੱਥੇ ਨੇ ਕਵੀਸ਼ਰੀ ਰਾਹੀਂ ਜਸਵੰਤ ਸਿੰਘ ਬੇਦੀ ਦੇ ਜੀਵਨ ਦਰਸ਼ਨ ਨੂੰ ਪੇਸ਼ ਕੀਤਾ। ਡਾ: ਸਤਨਾਮ ਸਿੰਘ ਜੱਸਲ ਨੇ ਸਨਮਾਨਿਤ ਸ਼ਖਸ਼ੀਅਤ ਬੂਟਾ ਸਿੰਘ ਚੌਹਾਨ ਬਾਰੇ ਵਿਸਥਾਰ ਨਾਲ ਦੱਸਿਆ ਕਿ ਜਸਵੰਤ ਸਿੰਘ ਬੇਦੀ ਅਤੇ ਬੂਟਾ ਸਿੰਘ ਚੌਹਾਨ ਦੇ ਜੀਵਨ ਦੀ ਇੱਕ ਗੱਲ ਸਾਂਝੀ ਹੈ ਕਿ ਇਹਨਾਂ ਦੋਵਾਂ



ਨੇ ਹੇਠਲੇ ਪੱਧਰ ਤੋਂ ਸੰਘਰਸ਼ ਕਰਕੇ ਉੱਚੇ ਮੁਕਾਮ ਹਾਸਲ ਕੀਤੇ।

ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਨੇ ਜਸਵੰਤ ਸਿੰਘ ਬੇਦੀ ਬਾਰੇ ਲਿਖੇ ਨਾਵਲ 'ਸਾਥ ਪਰਿੰਦਿਆਂ ਦਾ' ਦੇ ਨਾਇਕ ਬਾਰੇ ਬਹੁਤ ਕੁਝ ਦੱਸਦਿਆਂ ਕਿਹਾ ਕਿ ਬੇਦੀ ਸਾਹਿਬ ਨੇ ਘਰ ਬਣਾਇਆ ਫਿਰ ਘਰ ਤੋਂ ਘਰਾਣਾ ਬਣਾਇਆ ਜਿੱਥੋਂ ਕਿੰਨੇ ਟੇਲਰ ਮਾਸਟਰ ਬਣ-ਬਣ ਕਾਮਯਾਬ ਹੋਏ। ਉਹਨਾਂ ਨੇ ਕਿੰਨੇ ਹੀ ਲੋਕਾਂ ਨੂੰ ਇਸ ਕਿੱਤੇ ਨਾਲ ਜੋੜਿਆ। ਬਰਸੀ ਦੇ ਮੌਕੇ ਸਨਮਾਨ ਸਮਾਗਮ ਵਿੱਚ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ,ਕਹਾਣੀਕਾਰ ਭੋਲਾ ਸਿੰਘ ਸੰਘੇੜਾ, ਬਹੁਪੱਖੀ ਲੇਖਕ ਤਰਸੇਮ, ਡਾ: ਤਰਸਪਲ ਕੌਰ, ਮਾਲਵਿੰਦਰ ਸ਼ਾਇਰ, ਲੇਖਕ ਪਾਠਕ ਸਭਾ ਦੇ ਪ੍ਰਧਾਨ ਤੇਜਿੰਦਰ ਚੰਡਿਹੋਕ , ਪੰਜਾਬੀ ਗਜ਼ਲ ਮੰਚ ਤੋਂ ਗੁਰਪਾਲ ਬਿਲਾਵਲ, ਜਗਜੀਤ ਗੁਰਮ, ਚਰਨ ਸਿੰਘ ਭੋਲਾ ਜਾਗਲ, ਲਛਮਣ ਦਾਸ ਮੁਸਾਫਿਰ, ਡਾ: ਹਰਭਗਵਾਨ, ਸੁਦਰਸ਼ਨ ਗੁਡੂ, ਰਜਿੰਦਰ ਸ਼ੌਂਕੀ, ਨਾਵਲਕਾਰ ਦਰਸ਼ਨ ਸਿੰਘ ਗੁਰੂ, ਨਰਿੰਦਰ ਕੌਰ ਸਿੱਧੂ, ਸੀਨੀਅਰ ਸਿਟੀਜਨ ਸੋਸਾਇਟੀ ਦੇ ਪ੍ਰਧਾਨ ਅਮਰਜੀਤ ਸਿੰਘ ਭੁੱਲਰ, ਗੁਰਦੁਆਰਾ ਬਾਬਾ ਨਾਮਦੇਵ ਕਮੇਟੀ ਵੱਲੋਂ ਜਗਸੀਰ ਸਿੰਘ ਸੀਰਾ, ਯਾਦਵਿੰਦਰ ਸਿੰਘ ਟੋਨੀ, ਮਲਕੀਤ ਸਿੰਘ, ਮਨਜੀਤ ਸਿੰਘ ਕੈਂਥ,ਸੈਂਟਰ ਯੂਨੀਵਰਸਿਟੀ ਤੋਂ ਡਾ: ਸਤਪ੍ਰੀਤ ਸਿੰਘ ਜੱਸਲ ਤੋਂ ਇਲ-ਾਵਾ ਬਰਾਦਰੀ ਦੀ ਸੰਗਤ ਨੇ ਭਾਗ ਲਿਆ। ਅਖੀਰ ਵਿੱਚ ਡਾ: ਭੁਪਿੰਦਰ ਸਿੰਘ ਬੇਦੀ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਤੁਸੀਂ ਜਸਵੰਤ ਸਿੰਘ ਬੇਦੀ ਦੀ ਯਾਦ ਨੂੰ ਸਦੀਵੀ ਬਣਾਇਆ ਹੈ।

for more news visit:
www.samajweekly.com

# ਗੁਰੂ ਗੋਬਿੰਦ ਸਿੰਘ ਸਪੋਰਟਸ ਕਲੱਬ ਧੁਦਿਆਲ ਵਲੋਂ ਕਰਵਾਇਆ ਜਾਣ ਵਾਲਾ ਚਾਰ ਦਿਨਾਂ ਪੰਜਵਾਂ ਹਾਕੀ ਟੂਰਨਾਮੈਂਟ ਖੇਡ ਜਗਤ ਵਿੱਚ ਸਿਰਜੇਗਾ ਇਤਿਹਾਸ - ਕੁਲਵੰਤ ਚੁੰਬਰ ਯੂਕੇ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਗੁਰੂ ਗੋਬਿੰਦ ਸਿੰਘ ਸਪੋਰਟਸ ਕਲੱਬ ਧੁਦਿਆਲ ਜ਼ਿਲ੍ਹਾ ਜਲੰਧਰ ਵਲੋਂ ਕਰਵਾਇਆ ਜਾਣ ਵਾਲਾ ਪੰਜਵਾਂ ਵਿਸ਼ਾਲ ਹਾਕੀ ਟੂਰਨਾਮੈਂਟ 27 -28 ਫਰਵਰੀ ਅਤੇ 1-2 ਮਾਰਚ ਨੂੰ ਕਰਵਾਇਆ ਜਾ ਰਿਹਾ ਹੈ, ਜੋ ਕਿ ਹਾਕੀ ਖੇਡ ਪ੍ਰੇਮੀਆਂ ਵਿੱਚ ਇੱਕ ਵੱਖਰਾ ਇਤਿਹਾਸ ਸਿਰਜੇਗਾ। ਇਹ ਵਿਚਾਰ ਪਿੰਡ ਦੇ ਹਾਕੀ ਪਲੇਅਰ ਅਤੇ ਇੰਗਲੈਂਡ ਵਾਸੀ ਕੁਲਵੰਤ ਚੁੰਬਰ ਨੇ ਵਿਸ਼ੇਸ਼ ਤੌਰ ਤੇ ਟੂਰਨਾਮੈਂਟ ਲਈ ਸਭ ਸਾਥੀਆਂ ਦਾ ਤਿਆਰੀਆਂ ਲਈ ਧੰਨਵਾਦ ਕਰਦਿਆਂ ਅਤੇ ਟੂਰਨਾਮੈਂਟ ਦੀਆਂ ਐਡਵਾਂਸ ਵਿੱਚ ਉਹਨਾਂ ਨੂੰ ਮੁਬਾਰਕਾਂ ਦਿੰਦਿਆਂ ਪ੍ਰੈਸ ਨਾਲ ਸਾਂਝੇ ਕੀਤੇ। ਇਸ ਮੌਕੇ ਉਹਨਾਂ ਕਿਹਾ ਕਿ ਉਹਨਾਂ ਨੂੰ ਇਸ ਪੰਜਵੇਂ ਹਾਕੀ ਟੂਰਨਾਮੈਂਟ ਤਾਂ ਬਹੁਤ ਹੀ ਚਾਅ ਅਤੇ ਉਤਸ਼ਾਹ ਹੈ ਅਤੇ ਉਹ ਆਪਣੇ ਵਲੋਂ ਸਾਰੇ ਹੀ ਵੱਖ-ਵੱਖ ਮੁਲਕਾਂ ਤੋਂ ਆਏ ਪਿੰਡ ਪੱਧਰ ਦੇ ਐਨ ਆਰ ਆਈ ਵੀਰਾਂ ਦਾ ਧੰਨਵਾਦ ਕਰਦੇ ਹਨ, ਜੋ ਹਰ ਸਮੇਂ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਲਈ ਪ੍ਰੇਰਦੇ ਹਨ ਅਤੇ ਹਰ ਤਰ੍ਹਾਂ ਦਾ ਸਹਿਯੋਗ ਕਰਕੇ ਉਹਨਾਂ ਦਾ ਹੌਸਲਾ ਬੁਲੰਦ ਕਰਦੇ ਹਨ । ਉਹਨਾਂ ਦੱਸਿਆ ਕਿ ਅੱਜ ਪੰਜਵੇਂ ਸਾਲ ਵਿੱਚ ਪਹੁੰਚਣ ਵਾਲਾ ਇਹ ਹਾਕੀ ਟੂਰਨਾਮੈਂਟ ਉਹਨਾਂ ਵਲੋਂ 26 ਸਾਲ ਬਾਅਦ ਪਿੰਡ ਵਿੱਚ ਸ਼ੁਰੂ ਕੀਤਾ ਗਿਆ ਸੀ, ਜਿਸ ਦੀ ਪਹਿਲ ਕਦਮੀ ਉਹਨਾਂ ਨੇ ਸਮੁੱਚੇ ਪਿੰਡ ਵਾਸੀਆਂ ਤੇ ਪਿੰਡ ਦੇ ਹੀ ਪਰਵਾਸੀ ਹਾਕੀ ਖਿਡਾਰੀ ਜੋ ਵਿਦੇਸ਼ਾਂ ਵਿੱਚ ਵਸ ਚੁੱਕੇ ਨੂੰ ਨਾਲ ਲੈ ਕੇ ਕੀਤੀ। ਪਰ ਹੁਣ ਉਹਨਾਂ ਕਿਹਾ ਕਿ ਗੋਡੇ ਦੀ ਸਰਜਰੀ ਕਾਰਨ ਓਹ ਇਸ ਟੂਰਨਾਮੈਂਟ ਵਿੱਚ ਸ਼ਾਮਿਲ ਨਹੀਂ ਹੋ ਸਕਦੇ,



ਪਰ ਆਪਣੇ ਵਲੋਂ ਸਾਰੇ ਹੀ ਖੇਡ ਪ੍ਰੇਮੀਆਂ, ਐਨ ਆਰ ਆਈ ਵੀਰਾਂ ਅਤੇ ਬਾਹਰੋਂ ਆਉਣ ਵਾਲੀਆਂ ਟੀਮਾਂ ਦਾ ਉਹ ਜ਼ੋਰਦਾਰ ਸਵਾਗਤ ਸਮੂਹ ਐਨ ਆਰ ਆਈ ਵੀਰਾਂ ਅਤੇ ਗ੍ਰਾਮ ਪੰਚਾਇਤ ਵਲੋਂ ਕਰਦੇ ਹਨ। ਕੁਲਵੰਤ ਚੁੰਬਰ ਯੂ ਕੇ ਨੇ ਦੱਸਿਆ ਕਿ ਇਹ ਪੰਜਵਾਂ ਵਿਸ਼ਾਲ ਹਾਕੀ ਟੂਰਨਾਮੈਂਟ ਜੋ ਚਾਰ ਦਿਨਾਂ ਲਈ ਚੱਲੇਗਾ, ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ ਅਤੇ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਪੰਜਾਬ ਪੱਧਰ ਦੀਆਂ ਹਾਕੀ ਕਲੱਬਾਂ ਵਿਸ਼ੇਸ਼ ਤੌਰ ਤੇ ਭਾਗ ਲੈ ਰਹੀਆਂ ਹਨ ਤੇ ਇਹ ਟੂਰਨਾਮੈਂਟ ਵਿੱਚ ਖੇਡੇ ਜਾਣ ਵਾਲੇ ਮੈਚ ਦੇਖਣਯੋਗ ਹੋਣਗੇ। ਜਿਸ ਵਿੱਚ ਆਖਰੀ ਦਿਨ ਦਿਲਕਸ਼ ਇਨਾਮ ਅਤੇ ਨਗਦੀ ਨਾਲ ਜੇਤੂ ਟੀਮਾਂ ਨੂੰ ਸਨਮਾਨ ਸਤਿਕਾਰ ਕੀਤਾ ਜਾਵੇਗਾ। ਟੀਮਾਂ ਦੀ ਰਿਹਾਇਸ਼ ਖਾਣ ਪੀਣ ਦਾ ਬਹੁਤ ਹੀ ਯੋਗ ਪ੍ਰਬੰਧ ਕੀਤਾ ਗਿਆ ਹੈ ਤੇ ਟੂਰਨਾਮੈਂਟ ਦਾ ਪੋਸਟਰ ਵੀ ਸੋਸ਼ਲ ਸਾਈਟਾਂ ਤੇ ਲਾਂਚ ਕਰ ਦਿੱਤਾ ਗਿਆ ਹੈ। ਉਹਨਾਂ ਸਾਰੇ ਹੀ ਖਿਡਾਰੀਆਂ ਅਤੇ ਪ੍ਰਬੰਧਕਾਂ ਸਮੇਤ ਗ੍ਰਾਮ ਪੰਚਾਇਤ ਨੂੰ ਇਸ ਟੂਰਨਾਮੈਂਟ ਦੀ ਮੁਬਾਰਕਬਾਦ ਦਿੱਤੀ ਹੈ ਅਤੇ ਅੱਗੇ ਤੋਂ ਵੀ ਸਾਰੇ ਹੀ ਐਨ ਆਰ ਆਈ ਵੀਰਾਂ ਦੇ ਅਜਿਹੇ ਹੀ ਸਹਿਯੋਗ ਮਿਲਦੇ ਰਹਿਣ ਦੀ ਕਾਮਨਾ ਕੀਤੀ ਹੈ ।

# ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਕਾਇਆ-ਕਲਪ ਕੀਤੀ - ਵਿਧਾਇਕ ਬ੍ਰਹਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸ਼ੇਰਗੜ੍ਹ ਦੇ ਸਾਲਾਨਾ ਸਮਾਗਮ ਮੌਕੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਅੰਦਰ ਸਕੂਲਾਂ ਦੀ ਕਾਇਆ-ਕਲਪ ਲਈ ਲਗਾਤਾਰ ਉਪਰਾਲੇ ਕਰਦਿਆਂ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਵੱਡੇ ਪੱਧਰ 'ਤੇ ਮਜ਼ਬੂਤ ਕੀਤਾ ਹੈ। ਸਾਲਾਨਾ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਨੇ ਸਿੱਖਿਆ ਅਤੇ ਸਿਹਤ ਦੇ ਖੇਤਰ ਵਿਚ ਲਾਮਿਸਾਲ ਕੰਮ ਕਰਕੇ ਵਿਦਿਆਰਥੀਆਂ ਅਤੇ ਲੋਕਾਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀ ਸਕੂਲ ਆਫ਼ ਐਮੀਨੈਂਸ ਸਕੀਮ ਜ਼ਿਲ੍ਹੇ ਵਿਚ 5 ਸਕੂਲ ਚੱਲ ਰਹੇ ਹਨ ਜਿਨ੍ਹਾਂ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ, ਪੁਰਹੀਰਾਂ, ਬਾਗਪੁਰ, ਦਸੂਹਾ ਅਤੇ ਟਾਂਡਾ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ 130 ਸੀਨੀਅਰ ਸੈਕੰਡਰੀ ਸਕੂਲਾਂ ਵਿਚ ਗਿਆਰਵੀਂ ਅਤੇ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਲਈ ਬਿਜ਼ਨੈਸ ਬਲਾਸਟਰ ਪ੍ਰੋਜੈਕਟ ਚੱਲ ਰਿਹਾ ਹੈ ਜਿਸ ਤਹਿਤ 2024-25 ਦੌਰਾਨ 3834



ਵਿਦਿਆਰਥੀਆਂ ਨੂੰ 76.68 ਲੱਖ ਰੁਪਏ ਦੀ ਸੀਡ ਮਨੀ ਗਰਾਂਟ ਵਜੋਂ ਜਾਰੀ ਕੀਤੀ ਜਾ ਚੁੱਕੀ ਹੈ। ਪੰਜਾਬ ਸਰਕਾਰ ਵਲੋਂ ਸਕੂਲਾਂ ਦੀ ਦਿੱਖ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਜਾਰੀ ਉਪਰਾਲਿਆਂ ਦੀ ਗੱਲ ਕਰਦਿਆਂ ਵਿਧਾਇਕ ਜਿੰਪਾ ਨੇ ਕਿਹਾ ਕਿ ਸਾਲ 2023-24 ਦੌਰਾਨ ਸਰਕਾਰੀ ਸਕੂਲਾਂ ਵਿਚ 116 ਚੌਕੀਦਾਰ, 130 ਕੈਂਪਸ ਮੈਨੇਜਰ, 63 ਸਕਿਉਰਿਟੀ ਗਾਰਡ ਆਦਿ ਲਗਾਏ ਗਏ ਹਨ ਤਾਂ ਜੋ ਸਕੂਲਾਂ ਅੰਦਰ ਵੱਖ-ਵੱਖ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ ਸਕੂਲਾਂ ਨੂੰ ਨਵੀਂ ਚਾਰਦੀਵਾਰੀ ਲਈ 12.52 ਕਰੋੜ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਹੈ ਜਿਸ ਨਾਲ ਇਨ੍ਹਾਂ ਸਕੂਲਾਂ ਦੀ ਦਿੱਖ ਹੋਰ ਸੁੰਦਰ ਹੋਵੇਗੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੂਰੀ ਮਿਹਨਤ ਅਤੇ ਲਗਨ ਨਾਲ ਆਪਣੀ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨ ਦੀ ਤਾਕੀਦ ਕਰਦਿਆਂ ਕਿਹਾ ਕਿ ਚੰਗੀ ਸਿੱਖਿਆ ਹਾਸਲ ਕਰਕੇ ਉਹ ਆਪਣਾ ਚੰਗੇਰਾ ਭਵਿੱਖ ਯਕੀਨੀ ਬਣਾ ਸਕਦੇ ਹਨ।ਵਿਧਾਇਕ ਜਿੰਪਾ ਵਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਲਲਿਤਾ ਅਰੋੜਾ ਅਤੇ ਸਕੂਲ ਪ੍ਰਿੰਸੀਪਲ ਰਾਜਨ ਅਰੋੜਾ ਨੂੰ ਸਕੂਲ ਦੀ ਵਧੀਆ ਕਾਰਗੁਜ਼ਾਰੀ ਲਈ ਸ਼ਲਾਘਾ ਕੀਤੀ ਗਈ। ਸਾਲਾਨਾ ਇਨਾਮ ਵੰਡ ਸਮਾਰੋਹ ਦੀ ਸ਼ੁਰੂਆਤ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਸ਼ਬਦ ਕੀਰਤਨ ਨਾਲ ਕਰਵਾਈ ਗਈ। ਇਸ ਉਪਰੰਤ ਸਕੂਲ ਪ੍ਰਿੰਸੀਪਲ ਨੇ ਸਾਲਾਨਾ ਰਿਪੋਰਟ ਪੜ੍ਹਦਿਆਂ ਸਕੂਲ ਦੇ ਸ਼ਾਨਦਾਰ ਨਤੀਜਿਆਂ ਬਾਰੇ ਜਾਣੂ ਕਰਵਾਇਆ। ਵਿਦਿਆਰਥਣਾਂ ਵਲੋਂ ਸਭਿਆਚਾਰਕ ਵੰਨਗੀਆਂ ਦੀ ਪੇਸ਼ਕਾਰੀ ਕੀਤੀ ਗਈ। ਪਿਛਲੇ ਸਾਲ ਦੌਰਾਨ ਵੱਖ-ਵੱਖ ਜਮਾਤਾਂ ਦੇ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀਆਂ ਅਤੇ ਹੋਰਨਾਂ ਪ੍ਰਾਪਤੀਆਂ ਲਈ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਕੌਂਸਲਰ ਪ੍ਰਦੀਪ ਬਿੱਟੂ , ਸ਼ੇਰਗੜ੍ਹ ਦੇ ਸਰਪੰਚ ਮੋਹਨ ਲਾਲ, ਪ੍ਰਿੰਸੀਪਲ ਧਰਮਿੰਦਰ ਸ਼ਰਮਾ ਅਤੇ ਸਕੂਲ ਦਾ ਸਮੁੱਚਾ ਸਟਾਫ਼ ਮੌਜੂਦ ਸੀ।

# ਸਪੈਸ਼ਲ ਟੀਕਾਕਰਨ ਹਫਤੇ ਦੀ ਹੋਈ ਸ਼ੁਰੂਆਤ

**ਮਾਨਸਾ ( ਚਾਨਣ ਦੀਪ ਸਿੰਘ ਔਲਖ )** ਸਿਵਲ ਸਰਜਨ ਮਾਨਸਾ ਡਾਕਟਰ ਅਰਵਿੰਦਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਰਵਿੰਦਰ ਸਿੰਗਲਾ ਅਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਬਲਜੀਤ ਕੌਰ ਦੀ ਅਗਵਾਈ ਵਿੱਚ ਸਿਹਤ ਬਲਾਕ ਖਿਆਲਾ ਕਲਾਂ ਵੱਲੋਂ ਸਮੁਦਾਇਕ ਸਿਹਤ ਕੇਦਰ ਖਿਆਲਾ ਕਲਾਂ ਅਧੀਨ ਪਿੰਡਾਂ ਵਿੱਚ 7 ਮਾਰੂ ਬੀਮਾਰੀਆਂ ਅਤੇ ਖਸਰਾ ਰੁਬੈਲਾ ਬੀਮਾਰੀ ਦੇ ਪੂਰਨ ਖਾਤਮੇ ਲਈ ਦੂਰ ਦਰਾਡੇ ਇਲਾਕਿਆਂ , ਭੱਠਿਆਂ ਅਤੇ ਝੁੱਗੀ ਝੌਂਪੜੀ ਏਰੀਏ ਵਿੱਚ 24 ਫਰਬਰੀ ਤੋਂ 1 ਮਾਰਚ ਤੱਕ ਪੂਰਾ ਹਫ਼ਤਾ ਚੱਲਣ ਵਾਲੇ ਟੀਕਾਕਰਨ ਕੈਂਪਾਂ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਬਲਾਕ ਐਜੂਕੇਟਰ ਕੇਵਲ ਸਿੰਘ ਨੇ ਦੱਸਿਆ ਕਿ ਟੀਕਾਕਰਨ ਤੋਂ ਵਾਂਝੇ ਪੰਜ ਸਾਲ ਤੱਕ ਦੇ ਬੱਚਿਆਂ ਅਤੇ ਗਰਭਵਤੀ ਔਰਤਾਂ ਦੀਆਂ ਲਿਸਟਾਂ ਤਿਆਰ ਕੀਤੀਆਂ ਗਈਆਂ ਹਨ। ਗਰਭਵਤੀ ਔਰਤਾਂ ਅਤੇ ਬੱਚਿਆਂ ਨੂੰ ਸਪੈਸ਼ਲ ਟੀਕਾਕਰਨ ਕੈਂਪ ਲਗਾ ਕੇ ਟੀਕਾਕਰਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਖਸਰਾ



ਪਿੰਡ ਨੰਗਲ ਕਲਾਂ ਦੇ ਇਕ ਭੱਠੇ ਦੀ ਪਥੇਰ ਉੱਤੇ ਵਿਸ਼ੇਸ਼ ਟੀਕਾਕਰਨ ਕੈਂਪ ਦੌਰਾਨ ਸਿਹਤ ਕਰਮਚਾਰੀ ਅਤੇ ਲਾਭਪਾਤਰੀ।

ਰੁਬੈਲਾ ਬੀਮਾਰੀ ਤੋਂ ਪੀੜ੍ਹਤ ਬੱਚਿਆਂ ਨੂੰ ਬੁਖਾਰ ਅਤੇ ਸਰੀਰ ਤੇ ਦਾਣੇ ਹੋ ਜਾਂਦੇ ਹਨ । ਸਿਹਤ ਕਰਮੀਆਂ ਅਤੇ ਪ੍ਰਾਈਵੇਟ ਹਸਪਤਾਲਾਂ ਦੇ ਡਾਕਟਰਾਂ ਨੂੰ ਸਿਹਤ ਕੇਂਦਰ ਵਿੱਚ ਇਸ ਦੀ ਸੂਚਨਾ ਦੇਣ ਲਈ ਹਦਾਇਤਾਂ ਦਿੱਤੀਆਂ ਗਈਆਂ ਹਨ । ਟੀਕਾਕਰਨ ਸੂਚੀ ਵਿੱਚ ਸ਼ਾਮਲ ਸਾਰੀਆਂ ਬੀਮਾਰੀਆਂ ਤੋਂ ਬਚਾਅ ਲਈ ਸਿਹਤ ਟੀਮਾਂ ਵੱਲੋਂ ਪਰਵਾਸੀ ਮਜ਼ਦੂਰਾਂ ਨੂੰ ਭੱਠਿਆਂ, ਫੈਕਟਰੀਆਂ ਵਿੱਚ ਆਊਟ ਰੀਚ ਕੈਂਪ ਲਗਾ ਕੇ ਜੱਚਾ ਬੱਚਾ ਕਾਰਡ ਵਿੱਚ ਦਰਜ ਜਾਣਕਾਰੀ ਰਾਹੀਂ ਜਾਗਰੂਕ ਕੀਤਾ ਗਿਆ। ਇਸ ਲੜੀ ਤਹਿਤ ਅੱਜ ਸਬ ਸੈਂਟਰ ਨੰਗਲ ਕਲਾਂ ਅੰਦਰ ਆਉਂਦੇ ਵੱਖ ਵੱਖ ਭੱਠਿਆਂ, ਪਥੇਰਾਂ , ਫੈਕਟਰੀਆਂ ਆਦਿ ਵਿੱਚ ਵਿਸ਼ੇਸ਼ ਟੀਕਾਕਰਨ ਕੈਂਪ ਲਗਾਏ ਗਏ। ਇਸ ਮੌਕੇ ਜਾਣਕਾਰੀ ਦਿੰਦਿਆਂ ਸਿਹਤ ਕਰਮਚਾਰੀ ਚਾਨਣ ਸਿੰਘ ਨੇ ਦੱਸਿਆ ਕਿ ਵਿਸ਼ੇਸ਼ ਟੀਕਾਕਰਨ ਕੈਂਪ ਲਗਾ ਕੇ ਟੀਕਾਕਰਨ ਤੋਂ ਵਾਂਝੇ ਰਹਿ ਗਏ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਜਾ ਰਿਹਾ ਹੈ ਅਤੇ ਪਰਵਾਸੀ ਮਜ਼ਦੂਰਾਂ ਨੂੰ ਨਿਯਮਤ ਟੀਕਾਕਰਨ ਕਰਵਾਉਣ ਲਈ ਪ੍ਰੇਰਿਤ ਵੀ ਕੀਤਾ ਜਾ ਰਿਹਾ ਹੈ। ਇਸ ਮੌਕੇ ਅਮਰਜੀਤ ਕੌਰ ਏ ਐਨ ਐਮ, ਬਲਵੀਰ ਕੌਰ ਏ ਐਨ ਐਮ, ਰਮਨਦੀਪ ਕੌਰ ਸੀ ਐਚ ਓ, ਜਸਬੀਰ ਕੌਰ ਆਸ਼ਾ, ਪਰਵਾਸੀ ਮਜ਼ਦੂਰ , ਔਰਤਾਂ ਅਤੇ ਬੱਚੇ ਹਾਜ਼ਰ ਸਨ।

# ਅੰਬੇਡਕਰ ਮਿਸ਼ਨ ਸੁਸਾਇਟੀ ਮਹਾਬੋਧੀ ਮਹਾਵਿਹਾਰ ਮੁਕਤੀ ਅੰਦੋਲਨ ਦੇ ਸਮਰਥਨ ਵਿੱਚ ਕਰੇਗੀ ਇਕ ਰੋਜ਼ਾ ਭੁੱਖ ਹੜਤਾਲ

**ਜਲੰਧਰ (ਸਮਾਜ ਵੀਕਲੀ)** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਸ਼੍ਰੀ ਚਰਨ ਦਾਸ ਸੰਧੂ ਦੀ ਪ੍ਰਧਾਨਗੀ ਵਿੱਚ ਆਯੋਜਿਤ ਕੀਤੀ ਗਈ। ਬੈਠਕ ਵਿੱਚ ਬੋਧਗਯਾ ਮਹਾਬੋਧੀ ਮਹਾਵਿਹਾਰ ਮੁਕਤੀ ਅੰਦੋਲਨ ਦੇ ਮਾਮਲੇ 'ਤੇ ਚਰਚਾ ਕੀਤੀ ਗਈ। ਮੀਟਿੰਗ ਵਿੱਚ ਮੈਂਬਰਾਂ ਦੁਆਰਾ ਦੱਸਿਆ ਗਿਆ ਕਿ ਦੁਨੀਆ ਦੇ ਪਵਿੱਤਰ ਬੋਧਗਯਾ ਮਹਾਬੋਧੀ ਮਹਾਵਿਹਾਰ ਦਾ ਵੈਦਿਕ ਬ੍ਰਾਹਮਣਾਂ ਦੁਆਰਾ ਬ੍ਰਾਹਮਣੀਕਰਨ ਕੀਤਾ ਜਾ ਰਿਹਾ ਹੈ, ਜੋ ਕਿ ਤਥਾਗਤ ਬੁੱਧ ਦੇ ਸਿਧਾਂਤਾਂ ਦਾ ਅਪਮਾਨ ਹੈ। 1949 ਦਾ ਐਕਟ ਭਾਰਤ ਦੇ ਸੰਵਿਧਾਨ ਅਤੇ ਅੰਤਰਰਾਜ਼ੀ ਸੰਸਕ੍ਰਿਤਕ ਕਾਨੂੰਨਾਂ ਦੇ ਖਿਲਾਫ ਹੈ। ਇਹ ਸ਼ੁੱਧ ਬੋਧ ਸਥਾਨ ਹੈ, ਪਰ ਬੋਧਗਯਾ ਟੈਂਪਲ ਮੈਨੇਜਮੈਂਟ ਕਮੇਟੀ (ਭਠੰਛ) 'ਤੇ ਧਰਮ ਯੋਗੀਆਂ ਦਾ ਕਬਜ਼ਾ ਹੈ। ਇੱਥੇ ਭਠੰਛ ਦੇ ਬ੍ਰਾਹਮਣ ਮੈਂਬਰ ਮੁੱਖ ਮੰਦਰ ਵਿੱਚ ਘੰਟੀ ਬਜਾਉਂਦੇ ਹਨ ਅਤੇ ਧੂਪ ਜਲਾਉਂਦੇ ਹਨ। ਇੱਥੇ ਬੁੱਧ ਦੀਆਂ ਮੂਰਤੀਆਂ ਨੂੰ ਪਾਂਡਵਾਂ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ। ਬੈਠਕ ਵਿੱਚ ਮੈਂਬਰਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਦੇਸ਼-ਵਿਦੇਸ਼ ਦੇ ਬੋਧੀ ਭਿਕਸ਼ੂ ਅਤੇ ਭਿਕਸ਼ਣੀਆਂ 12 ਫਰਵਰੀ ਤੋਂ ਮਾਨਯੋਗ ਭਿੱਖੂ ਸੰਘ ਅਤੇ ਅਕਾਸ਼ ਲਾਮਾ, ਜਨਰਲ ਸਕੱਤਰ, ਆਲ ਇੰਡੀਆ ਬੁੱਧਿਸਟ ਫੋਰਮ ਦੀ ਸਰਪ੍ਰਸਤੀ ਹੇਠ ਮਹਾਬੋਧੀ ਮਹਾਵਿਹਾਰ ਦੇ ਪ੍ਰਬੰਧਨ ਨੂੰ ਬੋਧ ਸਮੁਦਾਇ ਨੂੰ ਸੁਪੁਰਦ ਕਰਨ ਦੀ ਮੰਗ ਕਰਦੇ ਹੋਏ ਅਨਿਸ਼ਚਿਤਕਾਲੀਨ ਭੁੱਖ ਹੜਤਾਲ 'ਤੇ ਹਨ। ਇਹ ਸੰਘਰਸ਼ ਸਿਰਫ਼ ਇਕ ਧਾਰਮਿਕ ਮੁੱਦਾ ਨਹੀਂ ਹੈ, ਬਲਕਿ ਇਹ ਭਾਰਤ ਦੀ ਸਾਂਸਕ੍ਰਿਤਿਕ ਵਿਰ-ਾਸਤ ਅਤੇ ਪਛਾਣ ਨੂੰ ਬਚਾਉਣ ਦੀ ਲੜਾਈ ਹੈ। ਬੋਧਗਯਾ ਮਹਾਬੋਧੀ ਮਹਾਵਿਹਾਰ ਦੇ ਪ੍ਰਬੰਧਨ ਨੂੰ ਬੌਧ ਸਮੁਦਾਇ ਨੂੰ ਸੌਂਪਣ ਦੀ ਸਾਲਾਂ ਤੱਕ ਲੰਬਿਤ ਮੰਗ ਨਾਲ ਸੰਬੰਧਿਤ ਸੈਂਕੜੇ ਬੋਧ ਭਿਕਸ਼ੂ ਅਤੇ ਅਨੁਯਾਈ ਭੁੱਖ ਹੜਤਾਲ 'ਤੇ ਬੈਠੇ ਹਨ। ਅੰਦੋਲਨ ਸਥਾਨ 'ਚ ਦੇਸ਼ ਭਰ ਤੋਂ ਅਨੁਯਾਈ ਪਹੁੰਚ ਰਹੇ ਹਨ, ਤ੍ਰਿਪੁਰਾ, ਲਦਾਖ, ਉੱਤਰਪ੍ਰਦੇਸ਼, ਪੰਜਾਬ, ਮਹਾਰਾਸ਼ਟਰ ਆਦਿ ਤੋਂ ਲੋਕ ਇੱਥੇ ਪਹੁੰਚ ਕੇ ਇਸ ਮਹਾਂ ਅੰਦੋਲਨ ਵਿੱਚ ਆਪਣੀ ਭਾਗੀਦਾਰੀ ਅਤੇ ਸਮਰੱਥਨ ਜ਼ਾਹਿਰ ਕਰ ਰਹੇ ਹਨ। ਅੰਬੇਡਕਰ ਮਿਸ਼ਨ ਸੁਸਾਇਟੀ ਨੇ ਮਹਾਬੋਧੀ ਮਹਾਵਿਹਾਰ ਮੁਕਤੀ ਅੰਦੋਲਨ ਦੇ ਸਮਰਥਨ ਵਿੱਚ 6 ਮਾਰਚ, 2025 ਨੂੰ ਇੱਕ ਰੋਜ਼ਾ ਭੁੱਖ ਹੜਤਾਲ ਕਰਨ ਦਾ ਫੈਸਲਾ ਕੀਤਾ ਹੈ। ਮਿਸ਼ਨ ਸੁਸਾਇਟੀ ਸਾਰੇ ਅੰਬੇਡਕਰਵਾਦੀ, ਬੌਧ ਅਤੇ ਘੱਟ ਗਿਣਤੀ ਭਾਈਚਾਰਾ ਸੰਸਥਾਵਾਂ ਅਤੇ ਸਾਰੇ ਤਰਕਸ਼ੀਲ ਤੇ ਅਗਾਂਹ ਵਧੂ ਵਿਚਾਰਾਂ ਦੇ ਲੋਕਾਂ ਨੂੰ ਵੀ ਇਸ ਵਿੱਚ ਸ਼ਾਮਿਲ ਹੋਣ ਦੀ ਬੇਨਤੀ ਕਰਦੀ ਹੈ। ਇਸ ਮੌਕੇ ਤੇ ਸ੍ਰੀ ਸੋਹਨ ਲਾਲ, ਡਾ. ਜੀ.ਸੀ. ਕੌਲ, ਪ੍ਰੋ. ਬਲਬੀਰ, ਬਲਦੇਵ ਰਾਜ ਭਾਰਦਵਾਜ, ਪਰਮਿੰਦਰ ਸਿੰਘ ਖੁੱਤਨ, ਤਿਲਕ ਰਾਜ, ਪਿਸ਼ੌਰੀ ਲਾਲ ਸੰਧੂ ਅਤੇ ਮੋਹਿੰਦਰ ਸੰਧੂ ਹਾਜ਼ਿਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈੱਸ ਬਿਆਨ ਵਿੱਚ ਦਿੱਤੀ।



**ਅੰਬੇਡਕਰ ਮਿਸ਼ਨ ਸੁਸਾਇਟੀ ਦੇ ਅਹੁਦੇਦਾਰ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ।**

**ਬਲਦੇਵ ਰਾਜ ਭਾਰਦਵਾਜ**
**ਜਨਰਲ ਸਕੱਤਰ**
**ਅੰਬੇਡਕਰ ਮਿਸ਼ਨ ਸੁਸਾਇਟੀ**
**ਪੰਜਾਬ (ਰਜਿ.)**

# ਵਿਧਾਨ ਸਭਾ ਪੰਜਾਬ ਸੈਸ਼ਨ ਦੇ ਪਹਿਲੇ ਦਿਨ ਐੱਨ.ਐੱਲ.ਓ. ਨੇ ਵਿਧਾਇਕ ਡਾ ਨਛੱਤਰ ਪਾਲ ਨੂੰ ਮੰਗ ਪੱਤਰ ਸੌਂਪਿਆ

**●ਮਾਮਲਾ ਉਸਾਰੀ ਮਜ਼ਦੂਰਾਂ ਦੀ 3 ਹਫ਼ਤਿਆਂ ਤੋਂ ਬੰਦ ਪਈ ਬੈਵਸਾਈਟ ਦਾ ●ਡਾ ਨਛੱਤਰ ਪਾਲ ਨੇ ਦਿੱਤਾ ਉਸਾਰੀ ਮਜ਼ਦੂਰਾਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਵਾਉਣ ਦਾ ਭਰੋਸਾ ਦਿੱਤਾ**

**ਨਵਾਂਸ਼ਹਿਰ/ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਅੱਜ ਵਿਧਾਨ ਸਭਾ ਪੰਜਾਬ ਦੇ ਸੈਸ਼ਨ ਦੇ ਪਹਿਲੇ ਦਿਨ ਨੈਸ਼ਨਲ ਲੇਬਰ ਆਰਗਨਾਈਜੇਸ਼ਨ (ਐਨ ਐਲ ਓ) ਦੇ ਕਨਵੀਨਰ ਬਲਦੇਵ ਭਾਰਤੀ ਸਟੇਟ ਅਵਾਰਡੀ ਨੇ ਵਿਧਾਨ ਸਭਾ ਹਲਕਾ ਨਵਾਂਸ਼ਹਿਰ ਦੇ ਵਿਧਾਇਕ ਡਾ ਨਛੱਤਰ ਪਾਲ ਨੂੰ ਮਿਲ ਕੇ ਪੰਜਾਬ ਬਿਲਡਿੰਗ ਐਂਡ ਅੰਦਰ ਕੰਸਟ੍ਰੱਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਦੀ ਪਿਛਲੇ ਕਰੀਬ 3 ਹਫ਼ਤਿਆਂ ਤੋਂ ਬਿਲਕੁਲ ਬੰਦ ਪਈ ਬੈਵਸਾਈਟ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਮੰਗ ਪੱਤਰ ਸੌਂਪਿਆ। ਬਲਦੇਵ ਭਾਰਤੀ ਨੇ ਦੱਸਿਆ ਕਿ ਉਸਾਰੀ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਦੀ ਬੈਵਸਾਈਟ ਪਿਛਲੇ 3 ਹਫ਼ਤਿਆਂ ਤੋਂ ਬਿਲਕੁਲ ਬੰਦ ਰਹਿਣ ਕਾਰਨ ਪੰਜਾਬ ਭਰ ਦੇ ਉਸਾਰੀ ਮਜ਼ਦੂਰ ਲਾਭਪਾਤਰੀਆਂ ਵਿੱਚ ਵੱਡੀ ਪੱਧਰ ਤੇ ਨਿਰਾਸ਼ਾ ਅਤੇ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬੋਰਡ ਦੇ ਆਨਲਾਈਨ ਪੋਰਟਲ ਵਿੱਚ ਪਹਿਲਾਂ ਵੀ ਬਹੁਤ ਕਮੀਆਂ ਸਨ ਅਤੇ ਇਸਦਾ ਸਰਵਰ ਜ਼ਿਆਦਾ ਸਮਾਂ ਡਾਊਨ ਹੀ ਰਹਿੰਦਾ ਸੀ। ਪਰ ਹੁਣ ਵੈਬਸਾਈਟ ਬਿਲਕੁਲ ਬੰਦ ਹੋਣ ਕਾਰਨ ਉਸਾਰੀ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਅਪਲਾਈ ਕਰਨ ਦਾ ਕੰਮ ਬਿਲਕੁਲ ਠੱਪ ਹੋ ਗਿਆ ਹੈ। ਦੂਸਰੇ ਪਾਸੇ ਪੰਜਾਬ ਸਰਕਾਰ ਵੱਲੋਂ ਲਾਂਚ ਕੀਤਾ ਗਿਆ 'ਪੰਜਾਬ ਕਿਰਤੀ ਸਹਾਇਕ' ਐਪ ਵੀ ਭਰੋਸੇ ਯੋਗ ਨਹੀਂ ਹੈ। ਇਸ ਐਪ ਨੇ ਮਜ਼ਦੂਰਾਂ ਨੂੰ ਰਾਹਤ ਦੇਣ ਦੀ ਬਜਾਏ ਉਲਝਣਾਂ ਵਿੱਚ ਪਾਇਆ ਹੋਇਆ ਹੈ। ਉਸਾਰੀ ਮਜ਼ਦੂਰ ਦਿਹਾੜੀਆਂ ਤੋੜ ਕੇ ਸੁਵਿਧਾ ਕੇਂਦਰਾਂ ਵਿੱਚ ਗੇੜੇ ਮਾਰ ਮਾਰ ਕੇ ਹੰਭ ਗਏ ਹਨ ਅਤੇ ਮਾਨਸਿਕ ਪ੍ਰੇਸ਼ਾਨੀ ਵਿੱਚ ਹਨ। ਬਲਦੇਵ ਭਾਰਤੀ ਨੇ ਇਹ ਵੀ ਦੱਸਿਆ ਕਿ ਵੈਬਸਾਈਟ ਬੰਦ ਹੋਣ ਦੇ ਹਾਲਾਤਾਂ ਵਿੱਚ ਸਮਾਂ ਬੱਧ ਸ਼ਰਤ ਕਾਰਨ ਬਹੁਤ ਸਾਰੇ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ, ਨਵਿਆਉਣ (ਰਿਨਿਊਲ) ਅਤੇ ਭਲਾਈ ਸਕੀਮਾਂ ਦੀਆਂ ਅਰਜ਼ੀਆਂ ਅਪਲਾਈ ਨਾ ਹੋਣ ਕਾਰਨ ਉਨ੍ਹਾਂ ਦਾ ਆਰਥਿਕ ਤੌਰ ਤੇ ਬਹੁਤ ਨੁਕਸਾਨ ਹੋ ਰਿਹਾ ਹੈ। ਬੋਰਡ ਦੀ ਵੈੱਬਸਾਈਟ ਬੰਦ ਹੋਣ ਕਾਰਨ ਭਲਾਈ ਸਕੀਮਾਂ ਦੀਆਂ ਅਰਜ਼ੀਆਂ ਲਈ ਵਿੱਤੀ ਸਹਾਇਤਾ ਪ੍ਰਵਾਨ ਕਰਨ ਵਾਲੀਆਂ ਸਬ ਡਵੀਜ਼ਨਲ ਪੱਧਰੀ ਸਕ੍ਰੀਨਿੰਗ ਕਮੇਟੀਆਂ ਦੀਆਂ ਕਈ ਤੈਅ ਕੀਤੀਆਂ ਮੀਟਿੰਗਾਂ ਵੀ ਨਹੀਂ ਹੋ ਸਕੀਆਂ। ਇਸ ਤੋਂ ਇਲਾਵਾ ਭਲਾਈ ਸਕੀਮਾਂ ਦੀ ਪ੍ਰਵਾਨ ਹੋਈ ਵਿੱਤੀ ਸਹਾਇਤਾ ਵੀ ਰੁਕ ਗਈ ਹੈ। ਐਨ ਐਲ ਓ ਵਲੋਂ ਇਸ ਮੰਗ ਪੱਤਰ ਰਾਹੀਂ ਮੁੱਖ ਮੰਤਰੀ-ਕਮ-ਚੇਅਰਮੈਨ ਪੰਜਾਬ ਬਿਲਡਿੰਗ ਐਂਡ ਅੰਦਰ ਕੰਸਟ੍ਰੱਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਪੰਜਾਬ ਭਗਵੰਤ ਸਿੰਘ ਮਾਨ ਪਾਸੋਂ ਪੁਰਜ਼ੋਰ ਮੰਗ ਕੀਤੀ ਗਈ ਹੈ ਕਿ ਉਸਾਰੀ ਕਿਰਤੀਆਂ ਦੀ ਸਮਾਜਿਕ ਸੁਰੱਖਿਆ ਅਤੇ ਉੱਜਵਲ ਭਵਿੱਖ ਲਈ ਬੋਰਡ ਦੀ ਵੈੱਬਸਾਈਟ ਅਤੇ ਪੰਜਾਬ ਕਿਰਤੀ ਸਹਾਇਕ ਐਪ ਨੂੰ ਸੁਚੱਜੇ ਢੰਗ ਨਾਲ ਤੁਰੰਤ ਚਲਾਇਆ ਜਾਵੇ। ਇਸ ਦੇ ਨਾਲ ਵੈੱਬਸਾਈਟ ਬੰਦ ਹੋਣ ਦੇ ਸਮੇਂ ਲਈ ਲੋੜੀਂਦੇ ਕੇਸਾਂ ਵਿੱਚ ਢੁੱਕਵੇਂ ਗ੍ਰੇਸ ਪੀਰੀਅਡ ਦੀ ਵਿਵਸਥਾ ਵੀ ਕੀਤੀ ਜਾਵੇ। ਇਸ ਮੰਗ ਪੱਤਰ ਰਾਹੀਂ ਇਹ ਵੀ ਮੰਗ ਕੀਤੀ ਗਈ ਹੈ ਕਿ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਵੱਲੋਂ 30 ਮਈ 2023 ਦੀ ਹੋਈ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਨੂੰ ਲਾਗੂ ਕੀਤਾ ਜਾਵੇ ਅਤੇ ਲਾਭਪਾਤਰੀ ਕਾਰਡ ਦੇ ਰਿਨਿਊ ਗ੍ਰੇਸ ਪੀਰੀਅਡ ਦੌਰਾਨ ਲਾਭਪਾਤਰੀ ਦੀ ਮੌਤ ਹੋਣ ਤੇ ਐਕਸਗ੍ਰੇਸ਼ੀਆ ਗ੍ਰਾਂਟ ਦੀ ਵਿੱਤੀ ਸਹਾਇਤਾ ਲਈ ਪ੍ਰਿੰਸੀਪਲ ਸਕੱਤਰ ਲੇਬਰ ਪੰਜਾਬ ਸਰਕਾਰ ਤੋਂ ਮਨਜ਼ੂਰੀ ਲੈਣ ਦੀ ਲਾਈ ਸ਼ਰਤ ਨੂੰ ਵੀ ਤੁਰੰਤ ਵਾਪਸ ਲਿਆ ਜਾਵੇ। ਇਸ ਮੌਕੇ ਤੇ ਡਾ ਨਛੱਤਰ ਪਾਲ ਨੇ ਭਰੋਸਾ ਦਿਵਾਇਆ ਕਿ ਉਸਾਰੀ ਮਜ਼ਦੂਰਾਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਵਾਉਣ ਲਈ ਯੋਗ ਉਪਰਾਲਾ ਕੀਤਾ ਜਾਵੇਗਾ।



# ਮਨਰੇਗਾ ਮਜ਼ਦੂਰਾਂ ਦੀ ਮਜਦੂਰੀ ਜਾਰੀ ਕਰੇ ਕੇਂਦਰ ਸਰਕਾਰ :ਗੋਲਡੀ ਪਰਖਾਲੀ

**ਬੰਗਾ (ਚਰਨਜੀਤ ਸੱਲ੍ਹਾ )** ਬਹੁਜਨ ਸਮਾਜ ਪਾਰਟੀ ਰੋਪੜ ਦੇ ਨੌਜਵਾਨ ਆਗੂ ਗੋਲਡੀ ਪਰਖਾਲੀ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਲੱਤਾਂ ਤੋਂ ਬਹੁਤ ਕਮਜ਼ੋਰ ਹੋ ਗਈ ਜਾਪਦੀ ਹੈ ਜੋ ਪਿਛਲੇ ਦੋ ਮਹੀਨੇ ਤੋਂ ਮਨਰੇਗਾ ਮਜ਼ਦੂਰਾਂ ਦਾ ਫੰਡ ਜਾਰੀ ਨਹੀਂ ਕਰ ਸਕੀ।ਗਰੀਬ ਮਜ਼ਦੂਰਾਂ ਨਾਲ ਸਰੇਆਮ ਬੇ ਇਨਸਾਫੀ ਕੀਤੀ ਜਾ ਰਹੀ ਹੈ ਮਜ਼ਦੂਰਾਂ ਤੋਂ ਕੰਮ ਲਿਆ ਜਾ ਰਿਹਾ ਹੈ ਪ੍ਰੰਤੂ ਉਹਨਾਂ ਨੂੰ ਮਜਦੂਰੀ ਨਹੀਂ ਦਿੱਤੀ ਜਾ ਰਹੀ ਇਸੇ ਤਰ੍ਹਾਂ ਹੀ ਜੋ ਮਨਰੇਗਾ ਦੇ ਮੁਲਾਜ਼ਮ ਹਨ ਉਹਨਾਂ ਨੂੰ ਵੀ ਦੋ ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲ ਰਹੀਆ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕਰਦੇ ਕਿਹਾ ਕਿ ਮਜ਼ਦੂਰਾਂ ਦੀ ਮਜ਼ਦੂਰੀ ਦੇ ਪੈਸੇ ਤੁਰੰਤ ਜਾਰੀ ਕੀਤੇ ਜਾਣ ਤਾਂ ਜੋ ਗਰੀਬ ਮਜਦੂਰ ਸੁੱਖ ਦਾ ਸਾਹ ਲੈ ਸਕਣ।



# ਸਾਹਿਬ ਕਾਸ਼ੀ ਰਾਮ ਜੀ ਦੇ ਬੱਬਰ ਸ਼ੇਰ ਅਤੇ ਭੈਣ ਮਾਇਆਵਤੀ ਜੀ ਦੇ ਵਫ਼ਾਦਾਰ ਸਿਪਾਹੀ ਡਾ ਨਛੱਤਰ ਪਾਲ ਐਮ ਐਲ ਏ

**ਬੰਗਾ( ਚਰਨਜੀਤ ਸੱਲ੍ਹਾਂ)** "ਸਾਹਿਬ ਕਾਂਸ਼ੀ ਰਾਮ ਜੀ ਦਾ ਬੱਬਰ ਸ਼ੇਰ ਤੇ ਭੈਣ ਮਾਇਆਵਤੀ ਜੀ ਦੇ ਵਫਾਦਾਰ ਸਿਪਾਹੀ ਬਹੁਤ ਹੀ ਸਤਿਕਾਰਯੋਗ ਬਸਪਾ ਦੇ MLA ਡਾਕਟਰ ਨਛੱਤਰ ਪਾਲ ਜੀ ਇੱਕ ਐਸੀ ਸਖਸ਼ੀਅਤ ਹਨ, ਜਿਹਨਾਂ ਨੇ ਜਵਾਨੀ ਤੋਂ ਲੈ ਕੇ ਹੁਣ ਤੱਕ ਪੂਰੀ ਈਮਾਨਦਾਰੀ ਨਾਲ ਸਮਾਜ ਨੂੰ ਰਾਜਭਾਗ ਦੇ ਮਾਲਕ ਬਣਾਉਣ ਲਈ ਕਰੜਾ ਸੰਘਰਸ਼ ਕੀਤਾ ਹੈ ਤੇ ਸੰਘਰਸ਼ ਕਰ ਰਹੇ ਹਨ। ਡਾਕਟਰ ਸਾਹਿਬ ਉਹ ਸਖਸ਼ੀਅਤ ਹਨ ਜੋ ਕਦੇ ਕਿਸੇ ਲਾਲਚ ਤੇ ਸਵਾਰਥ ਵਿੱਚ ਨਹੀਂ ਫੱਸੇ, ਜੋ ਕਦੇ ਨਹੀਂ ਵਿਕੇ, ਹਰ ਚੰਗੇ-ਮਾੜੇ ਸਮੇਂ ਵਿੱਚ ਗੁਰੂਆਂ-ਰਹਿਬਰਾਂ ਦੀ ਆਰਥਿਕ ਮੁਕਤੀ ਤੇ ਸਮਾਜਿਕ ਪਰਿਵਰਤਨ ਦੀ ਮੂਵਮੈਂਟ ਨੂੰ ਅੱਗੇ ਵਧਾਇਆ ਤੇ ਹਮੇਸ਼ਾ ਸਮਾਜ ਦੀ ਤਰੱਕੀ ਤੇ ਖੁਸ਼ਹਾਲੀ ਲਈ ਸੰਘਰਸ਼ ਕੀਤਾ। ਐਸੇ ਯੋਧੇ ਬਹੁਤ ਹੀ ਘੱਟ ਹੁੰਦੇ ਹਨ, ਜੋ ਨਾ ਵਿਕਦੇ ਹਨ ਤੇ ਨਾ ਹੀ ਰੁਕਦੇ ਹਨ। ਡਾਕਟਰ ਸਾਹਿਬ ਬਹੁਤ ਹੀ ਮਿਸ਼ਨਰੀ ਤੇ






ਮਿਲਾਪੜੇ ਸੁਭਾਅ ਦੇ ਮਾਲਕ ਹਨ। ਡਾਕਟਰ ਸਾਹਿਬ ਹਮੇਸ਼ਾ ਸੱਚੇ ਤੇ ਈਮਾਨਦਾਰ ਮਿਸ਼ਨਰੀ ਸਾਥੀਆਂ ਨੂੰ ਬਹੁਤ ਹੀ ਪਿਆਰ ਤੇ ਸਤਿਕਾਰ ਦਿੰਦੇ ਹਨ। ਅੱਜ ਵੀ ਜਿੱਥੇ ਦੂਜੀਆਂ ਪਾਰਟੀਆਂ ਦੇ ਦਲਿਤ ਵਿਧਾਇਕ ਬਹੁਜਨ ਸਮਾਜ ਦੀਆਂ ਸਮੱਸਿਆਵਾਂ ਬਾਰੇ ਬੋਲਦੇ ਵੀ ਨਹੀਂ, ਉੱਥੇ ਹੀ ਸਾਹਿਬ ਕਾਂਸ਼ੀ ਰਾਮ ਜੀ ਦਾ ਇਹ ਬੱਬਰ ਸ਼ੇਰ ਆਪਣੇ ਸਮਾਜ ਦੀਆਂ ਸਮੱਸਿਆਵਾਂ ਨੂੰ ਪੰਜਾਬ ਵਿਧਾਨਸਭਾ ਵਿੱਚ ਬਹੁਤ ਹੀ ਬੁਲੰਦ ਅਵਾਜ਼ ਵਿੱਚ ਰੱਖਦੇ ਹਨ।ਕੁਦਰਤ ਸਮਾਜ ਦੇ ਇਸ ਯੋਧੇ ਨੂੰ ਹਮੇਸ਼ਾ ਚੰਗੀ ਸਿਹਤ ਤੇ ਤੰਦਰੁਸਤੀ ਬਖਸ਼ੇ। "

ਜੈ ਭੀਮ ਜੈ ਭਾਰਤ ਜੈ ਕਾਂਸ਼ੀ ਰਾਮ ਜੈ ਸੰਵਿਧਾਨ ਜੈ ਬਸਪਾ ਵੱਲੋਂ ਰਾਕੇਸ਼ ਭਾਰਤੀ

## ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਉਤਸਵ ਤੇ ਪਿੰਡ ਗੁਣਾਚੌਰ ਵਿਖੇ ਨਗਰ ਕੀਰਤਨ ਸਜਾਇਆ ਗਿਆ

**ਬੰਗਾ (ਚਰਨਜੀਤ ਸੱਲ੍ਹਾ )** ਧੰਨ ਧੰਨ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ 648 ਵੇਂ ਪ੍ਰਕਾਸ਼ ਦਿਹਾੜੇ ਤੇ ਪਿੰਡ ਗੂਣਾਚੌਰ ਵਿਖੇ ਨਗਰ ਕੀਰਤਨ ਸਜਾਏ ਗਏ, ਰਾਗੀਆਂ ਢਾਡੀਆਂ ਅਤੇ ਕਲਾਕਾਰਾਂ ਨੇ ਸਟੇਜ ਪ੍ਰੋਗਰਾਮ ਦੂਜੇ ਦਿਨ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿੱਚੋਂ ਸ਼ਬਦਾਂ ਦਾ ਗੁਣਗ-ਾਨ ਕੀਤਾ, ਸਟੇਜ ਪ੍ਰੋਗਰਾਮ ਤੇ ਰਾਣੀ ਅਰਮਾਨ ਨੇ ਵੀ ਸਤਿਗੁਰੂ ਰਵਿਦ-ਾਸ ਜੀ ਦੇ ਧਾਰਮਿਕ ਗੀਤ ਗਾ ਕੇ ਸੰਗਤਾਂ ਨੂੰ ਝੂਮਣ ਲਾ ਦਿੱਤਾ, ਕਲਾਕਾਰ ਕੁਲਵੰਤ ਕਲੇਰ ਨੇ ਵੀ ਸਤਿਗੁਰੂ ਰਵਿਦਾਸ ਜੀ ਦੇ ਗੀਤਾਂ ਨਾਲ ਸ਼ਭ ਸੰਗਤਾਂ ਨੂੰ ਗੁਰੂ ਜੀ ਦੇ ਸਿਧਾਂਤਾਂ ਅਤੇ ਵਿਚਾਰਧਾਰਾ ਨਾਲ ਜੋੜਨ ਦਾ ਉਪਰਾਲਾ ਕੀਤਾ। ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਣਾਚੌਰ ਵਲੋਂ ਕਲਾਕਾਰਾਂ ਦਾ ਸਰੋਪਾ ਪਾ ਸਨਮਾਨ ਵੀ ਕੀਤਾ, ਸਟੇਜ ਤੇ ਕਲਾਕਾਰਾ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ ਕਮੇਟੀ ਆਹੁਦੇ ਦਾਰ ਪ੍ਰਧਾਨ ਸਤਨਾਮ ਸਿੰਘ ਕੈਸ਼ੀਅਰ ਗੁਰਦੇਵ ਰਾਮ ਸਹਾਇਕ ਕੈਸ਼ੀਅਰ , ਕੁਲਦੀਪ ਕੁਮਾਰ ਹੈਡ ਸੇਵਾਦਾਰ, ਪਰਮਜੀਤ ਪੰਮੀ,ਹੈਪੀ ਬਸਰਾ ,ਮਦਨ ਕਲਸੀ,ਰਾਮ ਪ੍ਰਕਾਸ਼, ਸਾਬਕਾ ਸਰਪੰਚ ਬਾਬੂ ਅਜੀਤ ਰਾਮ ਜੀ, ਵਿਜੇ ਗੁਣਾਚੌਰ, ਵੇਟ ਲਿਫਟਿੰਗ ਕੋਚ ਜਗਦੀਸ਼ ਕੁਮਾਰ ਅਤੇ ਹੋਰ ਸੇਵਾਦਾਰ ਅਤੇ ਪਿੰਡ ਵਾਸੀ।



## ਮੋਟਰਸਾਈਕਲ ਸਵਾਰ ਲੁਟੇਰਾ ਔਰਤ ਦੇ ਕੰਨ ਵਿੱਚ ਪਾਈ ਸੋਨੇ ਦੀ ਬਾਲੀ ਝਪਟ ਕੇ ਹੋਇਆ ਫਰਾਰ

**ਬੰਗਾ ਫਰਵਰੀ (ਚਰਨਜੀਤ ਸੱਲ੍ਹਾ )** ਅੱਜ ਦੇਰ ਸ਼ਾਮ ਇੱਕ ਮੋਟਰਸਾਈਕਲ ਸਵਾਰ ਲੁਟੇਰੇ ਦੁਆਰਾ ਔਰਤ ਦੇ ਕੰਨ ਵਿੱਚ ਪਾਈ ਸੋਨੇ ਦੀ ਬਾਲੀ ਝਪਟਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਲੁਟ ਦਾ ਸ਼ਿਕਾਰ ਹੋਏ ਔਰਤ ਆਸ਼ਾ ਰਾਣੀ ਪਤਨੀ ਧਰਮਪਾਲ ਨਿਵਾਸੀ ਹੀਓ ਥਾਣਾ ਸਿਟੀ ਬੰਗਾ ਨੇ ਦੱਸਿਆ ਕਿ ਉਹ ਆਪਣੇ ਪਤੀ ਨਾਲ ਮੋਟਰਸਾਈਕਲ ਤੇ ਕਿਸੇ ਨਿੱਜੀ ਕੰਮ ਲਈ ਸ਼ਹਿਰ ਆਏ ਸਨ। ਉਹਨਾਂ ਦੱਸਿਆ ਜਿਵੇਂ ਉਹ ਆਪਣਾ ਕੰਮ ਨਿਪਟਾਉਣ ਉਪਰੰਤ ਮੋਟਰਸਾਈਕਲ ਤੇ ਮੁਕੰਤਪਰ ਰੋਡ ਰਾਹੀਂ ਆਪਣੇ ਪਿੰਡ ਨੂੰ ਜਾ ਰਹੇ ਸਨ ਤਾਂ ਅਚਾਨਕ ਪਿੱਛੇ ਤੋਂ ਇੱਕ ਮੋਟਰਸਾਈਕਲ ਸਵਾਰ ਲੁਟੇਰਾ ਜਿਸ ਨੇ ਸਿਰ ਤੇ ਹੈਲਮਟ ਪਾਇਆ ਹੋਇਆ ਸੀ ਉਹਨਾਂ ਨੇ ਮੋਟਰਸਾਈਕਲ ਦੇ ਨਜ਼ਦੀਕ ਆਪਣਾ ਮੋਟਰਸਾਈਕਲ ਲਾਇਆ ਤੇ ਉਸ ਦੇ ਕੰਨ ਵਿੱਚ ਪਾਈ ਸੋਨੇ ਦੀ ਇੱਕ ਵਾਲੀ ਝਪਟ ਕੇ ਫਰਾਰ ਹੋ ਗਿਆ। ਉਹਨਾਂ ਦੱਸਿਆ ਉਕਤ ਹੋਈ ਵਾਰਦ-ਾਤ ਦੀ ਸੂਚਨਾ ਉਹਨਾਂ ਨੇ ਥਾਣਾ ਸਿਟੀ ਪੁਲਿਸ ਨੂੰ ਦਿੱਤੀ ਤਾਂ ਪੁਲਿਸ ਦੀ ਟੀਮ ਮੌਕੇ ਤੇ ਪਹੁੰਚ ਗਈ ਅਤੇ ਉੱਥੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਨੂੰ ਖਲਾਉਣ ਲੱਗੇ। ਇੱਥੇ ਵਰਤਣ ਯੋਗ ਹੈ ਕਿ ਬੰਗਾ ਅਤੇ ਇਸ ਦੇ ਨਾਲ ਲੱਗਦੇ ਏਰੀਏ ਅੰਦਰ ਆਏ ਦਿਨ ਲੁਟੇਰੇ ਬੇਖੌਫ ਹੋਏ ਲੁੱਟ ਚੋਰੀ ਦੀ ਵਾਰਦਾਤਾਂ ਨੂੰ ਇਜਾਮ ਦੇ ਰਹੇ ਹਨ। ਇੰਝ ਜਾਪਦਾ ਹੈ ਜਿਵੇਂ ਲੁਟੇਰਿਆਂ ਨੂੰ ਪੁਲਿਸ ਦਾ ਭੋਰਾ ਵੀ ਡਰ ਨਹੀਂ।



# ਮੰਗੂਵਾਲ 'ਚ ਨਕਸਲੀ ਲਹਿਰ ਦੇ ਸ਼ਹੀਦਾਂ ਦੀ ਯਾਦ ਵਿੱਚ ਸਿਆਸੀ ਕਾਨਫਰੰਸ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਭਾਰਤੀ ਕਮਿਊਨਿਸਟ ਪਾਰਟੀ (ਐਮ.ਐਲ) ਨਿਊਡੈਮੋਕ੍ਰੇਸੀ ਜਿਲਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਪਿੰਡ ਮੰਗੂਵਾਲ ਵਿਖੇ ਇਸ ਪਿੰਡ ਦੇ ਨਕਸਲੀ ਲਹਿਰ ਦੇ ਸ਼ਹੀਦਾਂ ਰਾਮ ਕਿਸ਼ਨ,ਇਕਬਾਲ ਸਿੰਘ ਅਤੇ ਸੋਹਣ ਲਾਲ ਜੋਸ਼ੀ ਦੀ ਯਾਦ ਵਿੱਚ ਸਿਆਸੀ ਕਾਨਫਰੰਸ ਕੀਤੀ ਗਈ।ਇਸਤੋਂ ਪਹਿਲਾਂ ਸ਼ਹੀਦਾਂ ਦੀ ਯਾਦਗਾਰ ਉੱਤੇ ਪਾਰਟੀ ਦੇ ਸੀਨੀਅਰ ਸੂਬਾਈ ਆਗੂ ਕਾਮਰੇਡ ਦਰਸ਼ਨ ਸਿੰਘ ਖੱਟਕੜ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ।ਇਸ ਉਪਰੰਤ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਾਮਰੇਡ ਦਰਸ਼ਨ ਸਿੰਘ ਖੱਟਕੜ ਅਤੇ ਕਾਮਰੇਡ ਕੁਲਵਿੰਦਰ ਸਿੰਘ ਵੜੈਚ ਨੇ ਕਿਹਾ ਕਿ 1967 ਵਿੱਚ ਪੱਛਮੀ ਬੰਗਾਲ ਦੇ ਕਸਬਾ ਨਕਸਲਬਾੜੀ ਤੋਂ ਉੱਠੀ ਉਹ ਇਨਕਲਾਬੀ ਲਹਿਰ ਸੀ ਜਿਸਨੇ ਸਥਾਪਤੀ ਦੀਆਂ ਜੜ੍ਹਾਂ ਹਿਲਾ ਦਿੱਤੀਆਂ।ਇਸ ਲਹਿਰ ਦਾ ਪਸਾਰਾ ਦੇਸ਼ ਦੇ ਬਹੁਤ ਸਾਰੇ ਸੂਬਿਆਂ ਵਿੱਚ ਹੋਇਆ ਜਿਹਨਾਂ ਵਿੱਚ ਪੰਜਾਬ ਵੀ ਸ਼ਾਮਲ ਸੀ।ਇਨਕਲਾਬ ਦੀ ਸਿਧਾਂਤਕ ਪਹੁੰਚ ਅਤੇ ਰੋਹ ਨੂੰ ਲੈਕੇ ਪਿੰਡ ਮੰਗੂਵਾਲ ਦੇ ਨੌਜਵਾਨ ਵੀ ਇਸ ਲਹਿਰ ਵਿੱਚ ਕੁੱਦ ਪਏ।ਇਸ ਲਹਿਰ ਵਿੱਚ ਪਿੰਡ ਦੇ ਉਕਤ ਤਿੰਨ ਨੌਜਵਾਨ ਸ਼ਹਾਦਤ ਦਾ ਜਾਮ ਪੀ ਗਏ ਅਤੇ ਬਾਕੀ ਨੌਜਵਾਨ ਇਨਕਲਾਬ ਦੇ ਰਸਤੇ ਤੇ ਅੱਗੇ ਵਧਦੇ ਗਏ।ਆਗੂਆਂ ਨੇ ਕਿਹਾ ਕਿ ਦੇਸ਼ ਵਿੱਚ ਆਮ ਲੋਕਾਂ ਸਾਹ-ਮਣੇ ਬਹੁਤ ਹੀ ਭਿਅੰਕਰ ਸਮੱਸਿਆਵਾਂ ਮੂੰਹ ਅੱਡੀ ਖੜੀਆਂ ਹਨ।ਜਿਹਨਾਂ ਦਾ ਹੱਲ ਨਕਸਲਬਾੜੀ ਦੀ ਬਲਦੀ ਮਸ਼ਾਲ ਦੀ ਰੌਸ਼ਨੀ ਵਿੱਚ ਚੱਲਕੇ ਹੀ ਹੋ ਸਕਦਾ ਹੈ।ਉਹਨਾਂ ਕਿਹਾ ਕਿ ਭਾਰਤ ਦੀ ਆਰ ਐਸ ਐਸ-ਭਾਜਪਾ ਸਰਕਾਰ ਫਿਰਕੂ ਪਾੜਾ ਪਾਕੇ ਹਿੰਦੂ ਰਾਸ਼ਟਰ ਦੀ ਸਥਾਪਨਾ ਲਈ ਸਰਗਰਮ ਹੈ।ਧਾਰਮਿਕ ਘੱਟ ਗਿਣਤੀਆਂ ਨੂੰ ਨਿਸ਼ਾਨੇ ਉੱਤੇ ਲਿਆ ਜਾ ਰਿਹਾ ਹੈ।ਮੋਦੀ ਸਰਕਾਰ ਦੇਸੀ ਵਿਦੇਸ਼ੀ ਕਾਰਪੋਰੇਟਾਂ ਦੇ ਆਖੇ ਉੱਤੇ ਜੰਗਲਾਂ ਵਿੱਚ ਰਹਿ ਰਹੇ ਆਦਿਵਾਸੀਆਂ ਨੂੰ ਮਾਓਵਾਦੀ ਆਖਕੇ ਇਸ ਲਈ ਉਜਾੜ ਅਤੇ ਖਤਮ ਕਰ ਰਹੀ ਹੈ ਤਾਂਕਿ ਜੰਗਲਾਂ ਅਤੇ ਪਹਾੜਾਂ ਦੇ ਖਣਿਜ ਪਦਾਰਥਾਂ ਨੂੰ ਕਾਰਪੋਰੇਟਾਂ ਕੋਲ ਲੁਟਾਇਆ ਜਾ ਸਕੇ।ਉਹਨਾਂ ਕਿਹਾ ਕਿ ਦੁਨਿਆਂ ਅਤੇ ਦੇਸ਼ ਦੇ ਹਾਲਾਤ ਇਨਕਲਾਬੀ ਲਹਿਰਾਂ ਦੇ ਅਨਕੂਲ ਹਨ ਇਸ ਲਈ ਸਾਨੂੰ ਸਰਕਾਰਾਂ ਬਦਲਣ ਦੀ ਥਾਂ ਸਿਸਟਮ ਬਦਲਣ ਲਈ ਇਨਕਲਾਬੀ ਯਤਨ ਕਰਨ ਦੀ ਲੋੜ ਹੈ। ਇਸ ਮੌਕੇ ਮਾਨਵਤਾ ਕਲਾ ਕੇਂਦਰ ਨਗਰ ਵੱਲੋਂ ਇਨਕਲਾਬੀ ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ।ਪ੍ਰੇਮ ਯਮਲਾ ਨੇ ਗੀਤ ਪੇਸ਼ ਕੀਤੇ।ਮੰਚ ਸੰਚਾਲਨ ਹਰੀ ਰਾਮ ਰਸੂਲਪੁਰੀ ਨੇ ਕੀਤਾ।ਇਸ ਪ੍ਰੋਗਰਾਮ ਦੀ ਸਫਲਤਾ ਲਈ ਪਿੰਡ ਨਾਲ ਸਬੰਧਤ ਐਨ.ਆਰ.ਆਈ ਅਤੇ ਪਿੰਡ ਵਾਸੀਆਂ ਨੇ ਯੋਗਦਾਨ ਪਾਇਆ।







## ਗੀਤਾਂ ਦੀ ਐੱਮ ਐੱਸ ਪੀ

ਹੁੰਦੀ ਅੰਨ੍ਹਿਆਂ 'ਤੇ ਸਰਦਾਰੀ
ਹਮੇਸ਼ਾ ਕਾਣਿਆਂ ਦੀ ।
ਰਹੀ ਏ ਤੂਤੀ ਬੋਲਦੀ ਸਦਾ
ਅਮੀਰ ਘਰਾਣਿਆਂ ਦੀ।
ਧੀਆਂ ਪੁੱਤਾਂ ਵਾਂਗ ਸੀ ਜਨਮੇਂ
ਕਿਸੇ ਦੀਆਂ ਕਲਮਾਂ 'ਚੋਂ ;
ਰਾਇਲਟੀ ਕੋਈ ਖਾ ਗਿਆ ,
ਗੀਤਕਾਰ ਦੇ ਗਾਣਿਆਂ ਦੀ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

## ਟੱਪੇ

ਮੌਤ ਸਭ ਨੂੰ ਆਣੀ ਏਂ,
ਇਸ ਨਾਲ ਬਹੁਤਾ ਮੋਹ ਨਾ ਕਰ
ਮਾਇਆ ਨਾਲ ਨਾ ਜਾਣੀ ਏਂ।
ਜੋ ਗਰੀਬ ਨੂੰ ਦੇਖ ਕੇ ਹੱਸਦਾ ਏ,
ਉਸ ਨੂੰ ਵੀ ਪਤਾ ਹੋਣਾ ਚਾਹੀਦਾ
ਰੱਬ ਹਰ ਜੀਵ 'ਚ ਵੱਸਦਾ ਏ।
ਜੋ ਚੰਗੇ ਕੰਮ ਕਰਦਾ ਏ,
ਲੋਕ ਉਸ ਦੀ ਸਿਫਤ ਕਰਦੇ ਨੇ
ਜਦ ਉਹ ਕੂਚ ਜਹਾਨੋਂ ਕਰਦਾ ਏ।
ਮਾੜਾ ਸਮਾਂ ਲੰਘ ਜਾਣਾ ਏਂ,
ਥੋੜ੍ਹੀ ਜਹੀ ਹਿੰਮਤ ਰੱਖ
ਚੰਗਾ ਸਮਾਂ ਛੇਤੀ ਆਣਾ ਏਂ।
ਸੱਚ ਬੋਲ ਕੇ ਤਾਂ ਦੇਖ ਸਹੀ,
ਝੂਠਿਆਂ ਨੂੰ ਗਲੋਂ ਲਾਹ ਦੇ
ਲੋਕਾਂ ਮੰਨਣੀ ਤੇਰੀ ਗੱਲ ਕਹੀ।
ਚੁੱਪ ਕਰਕੇ ਸਮਾਂ ਲੰਘਣਾ ਨਹੀਂ,
ਆਪਣਾ ਦਿਲ ਦਰਿਆ ਕਰ
ਇਹ ਜੀਵਨ ਮੁੜ ਮਿਲਣਾ ਨਹੀਂ।
ਨਫਰਤ ਦਾ ਨਾ ਵਣਜਾਰਾ ਬਣ,
ਪਿਆਰ ਛੜਕਾ ਦੇ ਹਰ ਪਾਸੇ
ਪਿਆਰ ਦਾ ਫੁਆਰਾ ਬਣ।



**ਮਹਿੰਦਰ ਸਿੰਘ ਮਾਨ**
ਫੋਨ -9915803554

## ਦੇਗ ਅਤੇ ਤੇਗ

ਦਸਮ ਪਾਤਸ਼ਾਹ ਹੁਕਮ ਹੈ ਫੁਰਮਾ ਗਏ
ਆਏ ਨੂੰ ਦੇਗ ਚੜ੍ਹੇ ਨੂੰ ਤੇਗ ਸਿਖਾ ਗਏ।

ਦਿਲ ਵਿੱਚ ਮਨੁੱਖਤਾ ਤੇ ਜਜ਼ਬਾ ਜਨੂੰਨੀ
ਬਾਣੀ ਤੇ ਬਾਣੇ ਲੜ ਲੱਗਣਾ ਹੈ ਕਨੂੰਨੀ॥

ਸਿੱਖੀ ਦਾ ਮੂਲ ਸਿਧਾਂਤ ਹੈ ਕਿਰਤ ਕਰਨਾ
ਵੰਡ ਛਕਣੀ ਤੇ ਗਰੀਬ ਦਾ ਢਿੱਡ ਭਰਨਾ।

ਨਾਮ ਜਪ ਮਨ ਨੀਵਾ ਮਤ ਉੱਚੀ ਕਰਨਾ
ਪੰਥ ਲਈ ਲੜਨਾ ਵੈਰੀ ਤੋਂ ਨਾ ਡਰਨਾ॥

ਸ਼ਸ਼ਤਰਧਾਰੀ ਰੀਤ ਦਸਮੇਸ਼ ਚਲਾ ਗਏ
ਸ਼ਸ਼ਤਰਾਂ ਦੀ ਕੀ ਹੈ ਮਹਿਮਾ ਸਮਝਾ ਗਏ।

ਮਜ਼ਲੂਮਾਂ ਦੀ ਰੱਖਿਆ ਲਈ ਤੇਗ ਹੈ ਚੰਡੀ
ਮਾਨਸਾਂ ਦੇ ਏਕੇ ਲਈ ਸ਼ੁੱਧ ਦੇਗ ਹੈ ਵੰਡੀ॥

ਲੰਗਰਾਂ ਵਿੱਚ ਸਦਾ ਵਰਤਾਣੀਆਂ ਦੇਗਾਂ
ਜੰਗਾਂ ਜਿੱਤਣ ਲਈ ਮਿਆਨੋ ਧੂਹੋ ਤੇਗਾਂ।

ਖਾਲਸਾ ਤਾਂ ਖੁਦ ਦਾ ਹੀ ਹੁੰਦਾ ਹੈ ਖੁਦਾ
ਸ਼ਸ਼ਤਰ ਕਦੇ ਨਾ ਕਰੇ ਆਪਣੇ ਤੋਂ ਜੁਦਾ॥

ਕੌਮ ਲਈ ਘਰ ਘਾਟ ਛੱਡਣਾ ਸਿਖਾਇਆ
ਜ਼ਾਲਮ-ਜ਼ੁਲਮ ਨਾਲ ਲੜਨਾ ਵਡਿਆਇਆ।

ਵੈਰੀ ਦੇ ਮੂਹਰੇ ਕਦੇ ਈਨ ਨਾ ਹੈ ਮੰਨਣੀ
ਸਵਾ ਲੱਖ ਨਾਲ ਲੜ ਅੜ ਸਦਾ ਭੰਨਣੀ॥

ਕੱਕਾ, ਕੰਘਾ ,ਕੜਾ,ਕਿਰਪਾਨ ਤੇ ਕਛਹਿਰਾ
ਸਿੱਖ ਤੋਂ ਸਿੰਘ ਲਈ ਵੇਸ ਦਿੱਤਾ ਸੁਨਹਿਰਾ।

ਨਾ ਖੁਦ ਜਬਰ ਕਰਨਾ ਨਾ ਜਬਰ ਸਹਿਣਾ
ਕੁੜੀਮਾਰ ਦੀ ਢਹਿਣੀ ਨਾ ਕਦੇ ਹੈ ਬਹਿਣਾ॥

ਛੋਟੇ ਨੂੰ ਪਿਆਰ ਤੇ ਵੱਡਿਆ ਦਾ ਸਤਿਕਾਰ
ਸੱਚੇ ਜੀਵਨ ਜਾਚ ਲਈ ਮੁੱਢਲਾ ਆਧਾਰ।

ਖਾਲਸੇ ਦੀ ਹੋਂਦ ਲਈ ਨਿਸ਼ਾਨ ਝੁਲਾਇਆ
ਖਾਲਸੇ ਨੂੰ ਸ਼ੇਰ ਆਖ ਸਿੰਘ ਹੈ ਬੁਲਾਇਆ॥



**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

## ਮੇਰਾ ਜੀਅ ਕਰਦਾ ਮੈਂ ਰੁੱਖ ਬਣ ਜਾਵਾਂ

ਆਪੇ ਤੋਂ ਮੈਂ ਜ਼ਰਾ ਨਾ ਹਿੱਲਾਂ
ਨਾ ਚੱਲਾਂ ਤੇ ਨਾ ਮੈਂ ਬੋਲਾਂ
ਨਾ ਮੇਰੇ ਮਨ ਵਿੱਚ ਵੈਰ ਕੋਈ ਹੋਵੇ
ਤੇ ਨਾ ਹੀ ਖੁਸ਼ੀਆਂ ਗਾਵਾਂ
ਮੇਰਾ ਜੀਅ ਕਰਦਾ ਮੈਂ ਰੁੱਖ ਬਣ ਜਾਵਾਂ
ਹਰ ਕੋਈ ਬੈਠੇ ਮੇਰੀ ਛਾਵੇਂ
ਮੈਂ ਸਭ ਨੂੰ ਹੀ ਪੌਣ ਝੁਲਾਵਾਂ
ਨਾ ਮੈਂ ਦੇਖਾਂ ਤੇ ਨਾ ਹੀ ਮੈਂ ਸੋਚਾਂ
ਹਰ ਪੰਛੀ ਦਾ ਮੈਂ ਘਰ ਬਣ ਜਾਵਾਂ
ਮੇਰਾ ਜੀਅ ਕਰਦਾ ਮੈਂ ਰੁੱਖ ਬਣ ਜਾਵਾਂ
ਫੁੱਲ ਤੇ ਫ਼ਲ ਸਭ ਨੂੰ ਵੰਡ ਪਾਵਾਂ
ਨ੍ਹੇਰੀ - ਝੱਖੜ ਮੈਂ ਹੱਸ ਹੰਢਾਵਾਂ
ਨਾ ਜਾਤ ਦੇਖਾਂ ਨਾ ਹੀ ਮੈਂ ਧਰਮ ਪਛਾਣਾ
ਸਭ ਨੂੰ ਆਪਣਾ ਜਾਣ ਚਿਤਾਵਾਂ
ਮੇਰਾ ਜੀ ਕਰਦਾ ਮੈਂ ਰੁੱਖ ਬਣ ਜਾਵਾਂ
ਬੁੱਧ ਮਿਲੇ ਤਾਂ ਪਿੱਪਲ ਜਿਹਾ ਬਣ ਜਾਂ
ਹੀਰ ਰਾਂਝੇ ਲਈ ਜੰਡ ਹੋ ਜਾਵਾਂ
ਨਾ ਮੈਂ ਗਿਆਨੀ ਤੇ ਨਾ ਮੈਂ ਆਸ਼ਿਕ
'ਆਸ਼ੂ ' ਬੱਸ ਆਪਣਾ ਫ਼ਰਜ਼ ਨਿਭਾਵਾਂ
ਮੇਰਾ ਜੀਅ ਕਰਦਾ ਮੈਂ ਰੁੱਖ ਬਣ ਜਾਵਾਂ



**ਅਸਲੇਸ਼ ਕੁਮਾਰ ਪੁਲਿਸ ਅਫਸਰ ਨਿਊਜ਼ੀਲੈਂਡ**



# ਨੇਚਰ ਫੈਸਟ ਦੇ ਦੂਜੇ ਦਿਨ ਖਰੀਦਦਾਰੀ ਅਤੇ ਸਭਿਆਚਾਰਕ ਪ੍ਰੋਗਰਾਮਾਂ ਦਾ ਦੇਖਣ ਨੂੰ ਮਿਲਿਆ ਜਲਵਾ

## ਲਾਜਵੰਤੀ ਸਪੋਰਟਸ ਸਟੇਡੀਅਮ ’ਚ ਉਮੜੀ ਲੋਕਾਂ ਦੀ ਭੀੜ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਨੇਚਰ ਫੈਸਟ ਹੁਸ਼ਿਆਰਪੁਰ ਦੇ ਦੂਸਰੇ ਦਿਨ ਲਾਜਵੰਤੀ ਸਪੋਰਟਸ ਸਟੇਡੀਅਮ ਵਿਚ ਭਾਰੀ ਗਿਣਤੀ ਵਿਚ ਲੋਕ ਪਹੁੰਚੇ ਅਤੇ ਖੂਬ ਖਰੀਦਾਰੀ ਕੀਤੀ। ਇਸ ਦੌਰਾਨ ਕਰਵਾਏ ਗਏ ਸਭਿਆਚਾਰਕ ਪ੍ਰੋਗਰਾਮਾਂ ਨੇ ਵੀ ਲੋਕਾਂ ਦਾ ਭਰਪੂਰ ਮਨੋਰੰਜਨ ਕੀਤਾ। ਮੇਲੇ ਵਿਚ ਸਥਾਨਕ ਉਤਪਾਦਾਂ, ਹਸਤਸ਼ਿਲਪ, ਜੈਵਿਕ ਉਤਪਾਦਾਂ ਅਤੇ ਹੋਰ ਸਾਮਾਨ ਦੀ ਵਿਸ਼ੇਸ਼ ਪ੍ਰਦਰਸ਼ਨੀ ਲਗਾਈ ਗਈ। ਲੋਕਾਂ ਨੇ ਤਰ੍ਹਾਂ-ਤਰ੍ਹਾਂ ਦੇ ਸਟਾਲਾਂ ’ਤੇ ਜਾ ਕੇ ਖਰੀਦਦਾਰੀ ਕੀਤੀ ਅਤੇ ਅਤੇ ਸਥਾਨਕ ਉਤਪਾਦਾਂ ਦੀ ਖੂਬ ਸ਼ਲਾਘਾ ਕੀਤੀ। ਖਾਣ-ਪੀਣ ਦੇ ਸਟਾਲਾਂ ’ਤੇ ਵੀ ਕਾਫ਼ੀ ਭੀੜ ਦੇਖੀ ਗਈ ਜਿਥੇ ਰਿਵਾਇਤੀ ਪਕਵਾਨਾਂ ਦਾ ਆਨੰਦ ਮਾਣਿਆ। ਦੂਸਰੇ ਦਿਨ ਦੀ ਖਾਸਿਅਤ ਸਭਿਆਚਾਰਕ ਪ੍ਰੋਗਰਾਮ ਰਹੇ ਜਿਸ ਵਿਚ ਲੋਕ ਨਾਚ, ਗੀਤ ਪ੍ਰਤੀਯੋਗਤਾ ਅਤੇ ਰੰਗਾਰੰਗ ਪੇਸ਼ਕਾਰੀ ਸ਼ਾਮਲ ਸੀ। ਪੰਜਾਬੀ ਭੰਗੜਾ ਅਤੇ ਗਿੱਧੇ ਦੀ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਝੂੱਮਣ ਲਈ ਮਜ਼ਬੂਰ ਕਰ ਦਿੱਤਾ। ਸਥਾਨਕ ਕਲਾਕਾਰਾਂ ਨੇ ਆਪਣੀ ਪੇਸ਼ਕਾਰੀ ਨਾਲ ਸਮਾਂ ਬੰਨ੍ਹ ਦਿੱਤਾ ਜਿਸ ਵਿਚ ਦਰਸ਼ਕਾਂ ਦਾ ਉਤਸ਼ਾਹ ਬਹੁਤ ਵਧੇਰੇ ਸੀ। ਸਕੂਲ ਸਿੱਖਿਆ ਵਿਭਾਗ ਵਲੋਂ ਮਿਸ਼ਨ ਦਾਖਲਾ ਦਾ ਸਟਾਲ ਲਗਾ ਕੇ ਲੋਕਾਂ ਨੂੰ ਸਰਕਾਰੀ ਸਕੂਲਾਂ ਵਿਚ ਮਿਲਣ ਵਾਲੀਆਂ ਗੁਣਵੱਤਾਪੂਰਨ ਸਿੱਖਿਆ ਅਤੇ ਸੁਵਿਧਾਵਾਂ ਬਾਰੇ ਦੱਸਿਆ ਜਾ ਰਿਹਾ ਸੀ। ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦਾ ਵਿੰਗਸ ਪ੍ਰੋਜੈਕਟ ਦਾ ਸਟਾਲ ਵੀ



ਆਕਰਸ਼ਣ ਦਾ ਕੇਂਦਰ ਬਣਿਆ ਰਿਹਾ। ਇਸੇ ਤਰ੍ਹਾਂ ਸਿਟਰਸ ਅਸਟੇਟ ਭੂੰਗਾ, ਫੈਪਰੋ, ਜ਼ਿਲ੍ਹੇ ਦੇ ਵੱਖ-ਵੱਖ ਸੈਲਫ ਹੈਲਪ ਗਰੁੱਪਾਂ ਵਲੋਂ ਤਿਆਰ ਕੀਤੇ ਜਾਂਦੇ ਆਰਗੈਨਿਕ ਖਾਦ ਪਦਾਰਥਾਂ ਦੇ ਸਟਾਲਾਂ ਦੇ ਨਾਲ-ਨਾਲ ਵੱਖ-ਵੱਖ ਸਥਾਨਾਂ ਤੋਂ ਆਏ ਕਾਰੀਗਰਾਂ ਨੇ ਆਪੋ-ਆਪਣੇ ਸਮਾਨ ਦੇ ਸਟਾਲ ਲਾਏ ਜਿਨ੍ਹਾਂ ਨੂੰ ਲੋਕਾਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨੇਚਰ ਫੈਸਟ ਦਾ ਉਦੇਸ਼ ਨਾ ਕੇਵਲ ਲੋਕਾਂ ਦਾ ਮਨੋਰੰਜਨ ਕਰਨਾ ਹੈ ਬਲਕਿ ਵਾਤਾਵਰਣ ਦੀ ਸੰਭਾਲ ਅਤੇ ਸਥਾਨਕ ਵਪਾਰ ਨੂੰ ਬੜ੍ਹਾਵਾ ਦੇਣ ਵੀ ਹੈ। ਉਨ੍ਹਾ ਦੱਸਿਆ ਕਿ ਨੇਚਰ ਫੈਸਟ ਹੁਸ਼ਿਆਰਪੁਰ ਰਾਹੀਂ ਕੁਦਰਤ ਦੀ ਗੋਦ ਵਿਚ ਵਸੇ ਹੁਸ਼ਿਆਰਪੁਰ ਵਿਚ ਸੈਰ ਸਪਾਟੇ ਦੀਆਂ ਅਪਾਰ ਸੰਭਾਵਨਾਵਾਂ ਤੋਂ ਲੋਕਾਂ ਨੂੰ ਜਾਣੂ ਕਰਵਾਉਣਾ ਵੀ ਹੈ। ਉਨ੍ਹਾਂ ਨੂੰ



ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿਚ ਮੇਲੇ ਵਿਚ ਹਿੱਸਾ ਲੈਣ ਅਤੇ ਇਸ ਨੂੰ ਸਫ਼ਲ ਬਣਾਉਣ। ਉਨ੍ਹਾ ਦੱਸਿਆ ਕਿ ਨੇਚਰ ਫੈਸਟ ਦੌਰਾਨ ਲੋਕਾਂ ਲਈ ਖੁੱਲ੍ਹਾ ਦਾਖਲਾ ਹੈ ਅਤੇ ਸਟੇਡੀਅਮ ਵਿਚ ਵੱਖ-ਵੱਖ ਚੀਜਾਂ, ਕਲਾਕ੍ਰਿਤੀਆਂ ਅਤੇ ਸਾਮਾਨ ਦੀ ਪੇਸ਼ਕਾਰੀ ਕਰਦੇ ਹੋਏ 100 ਦੇ ਕਰੀਬ ਸਟਾਲ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ 23 ਫਰਵਰੀ ਨੂੰ ਸਟੇਡੀਅਮ ਵਿਚ ਭਾਰਤ ਬਨਾਮ ਪਾਕਿਸਤਾਨ ਮੈਚ ਦੀ ਸਕਰੀਨਿੰਗ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕੂਕਾਨੇਟ ਤੋਂ ਦੇਹਰੀਆਂ ਤੱਕ ਆਫ-ਰੋਡਿੰਗ ਹੋਵੇਗੀ, ਰਿਟਰੀਟ, ਚੌਹਾਲ ਵਿਚ ਲੋਕ ਬੂਟਿੰਗ ਅਤੇ ਜੰਗਲ ਸਫ਼ਾਰੀ ਦਾ ਆਨੰਦ ਲੈਣਗੇ। ਵਣ ਚੇਤਨਾ ਪਾਰਕ ਵਿਚ ਕਿਡਸ ਕਾਰਨੀਵਾਲ ਹੋਵੇਗਾ। ਇਸੇ ਤਰ੍ਹਾਂ 25 ਫਰਵਰੀ ਦੀ ਸ਼ਾਮ ਨੂੰ ਗਾਇਕ ਕੰਵਰ ਗਰੇਵਾਲ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ ਅਤੇ ਇਸ ਉਪਰੰਤ ਨੇਚਰ ਫੈਸਟ ਦੀ ਸਮਾਪਤੀ ਹੋਵੇਗੀ।

# ਮੱਝ ਅੱਗੇ ਬੀਨ ਵਜਾਉਣ, ਜਾਗਦੇ ਲੋਕ ਜਗਾਉਣੇ ਮੁਸ਼ਕਿਲ !

ਮੁਹਾਵਰੇ, ਅਖਾਣਾਂ, ਅਖੌਤਾਂ, ਲੋਕੋਕਤੀਆਂ, ਲੋਕ ਬੋਲੀਆਂ ਮਨੁੱਖੀ ਜ਼ਿੰਦਗੀ ਦੇ ਤਜਰਬਿਆਂ ਵਿੱਚੋਂ ਸਿਰਜੀਆਂ ਗਈਆਂ ਹਨ। ਇਹਨਾਂ ਦਾ ਕੋਈ ਲੇਖਕ ਨਹੀਂ ਮਿਲ਼ਦਾ। ਇਹ ਸਦੀਆਂ ਤੋਂ ਪੀੜ੍ਹੀ ਦਰ ਪੀੜ੍ਹੀ ਚੱਲਣ ਰਹੀਆਂ ਹਨ। ਹੁਣ ਤੱਕ ਇਹੋ ਹੀ ਸੁਣਦੇ ਆਇਆ ਕਿ ' ਇਕ ਚੁੱਪ ਸੌ ਸੁੱਖ ' ਇਹ ਲੋਕ ਤੱਥ ਹੈ । ਲੋਕ ਤੱਥ ਘਸ ਘਸ ਕੇ ਸਫਰ ਕਰਦੇ ਹਨ। ਸਮਾਂ ਬਦਲਣ ਨਾਲ ਕਈ ਲੋਕ ਤੱਥਾਂ ਦੇ ਅਰਥ ਹੀ ਬਦਲ ਜਾਂਦੇ ਹਨ। ਜਿਵੇਂ ਇਸ ਤੱਥ ਦੇ ਹੁਣ ਅਰਥ ਹੀ ਨਹੀਂ ਬਦਲੇ ਸਗੋਂ ਇਸਦੇ ਨਤੀਜੇ ਵੀ ਬਦਲ ਗਏ ਹਨ। ਜਦੋਂ ਤੁਸੀਂ ਗ਼ਲਤ ਨੀਤੀਆਂ ਨੂੰ ਚੁੱਪ ਕਰਕੇ ਮੰਨੀ ਜਾਵ-ੋਗੇ ਤਾਂ ਇਕ ਦਿਨ ਉਹ ਨੀਤੀਵਾਨ ਤੁਹਾਡੇ ਸਿਰ ਚੜ੍ਹ ਕੇ ਬੈਠੇਗਾ ਤੇ ਮਨ ਆਈਆਂ ਕਰੇਗਾ। ਸਾਡੇ ਸੁਭਾਅ ਦੇ ਵਿੱਚ ਇਹ ਠਰੰਮਾਂ ਕਦ ਆਇਆ ? ਅਸੀਂ ਘਰ ਵੜ ਕੇ ਕਦੋਂ ਬਹਿ ਗਏ? ਇਸ ਬਾਰੇ ਸਾਡੇ ਇਤਿਹਾਸਕਾਰਾਂ ਨੇ ਹੁਣ ਤੱਕ ਨਹੀਂ ਦੱਸਿਆ। ਅਸੀਂ ਗਾਂਧੀ ਦੇ ਤਿੰਨ ਬਾਂਦਰ ਕਦੋਂ ਬਣੇ ਜਾਂ ਬਣਾਏ ਗਏ ? ਇਹ ਦੋਸ਼ ਸਾਡੀ ਸਿੱਖਿਆ ਦੇ ਉਹਨਾਂ ਨੀਤੀਘਾੜਿਆ ਦਾ ਹੈ, ਜਿਹਨਾਂ ਨੇ ਸਮਾਂ ਤੇ ਰੁੱਤ ਬਦਲਿਆ ਸਿੱਖਿਆ ਦੀਆਂ ਨੀਤੀਆਂ ਨੂੰ ਨਹੀਂ ਬਦਲਿਆ । ਉਹ ਹੀ ਜਿਊਂਦੇ ਹਨ, !" ਜ਼ੁਲਮ ਕਰਨ ਨਾਲੋਂ ਜ਼ੁਲਮ ਸਹਿਣਾ ਬਰਾਬਰ ਦਾ ਗੁਨਾਹ ਹੈ " ਦੇ ਜਜ਼ਬੇ ਨੂੰ ਅਸੀਂ ਸਮਝਿਆ ਹੀ ਨਹੀਂ। ਸੱਤਾਧਾਰੀਆਂ ਨੇ ਆਪਣੇ ਗੁਲਾਮਾਂ ਦੇ ਰਾਹੀਂ ਆਪਣੀ ਸੱਤਾ ਕਾਇਮ ਰੱਖਣ ਦੀਆਂ ਯੋਜਨਾਵਾਂ ਬਣਾਈਆਂ ਤੇ ਲਾਗੂ ਕੀਤੀਆਂ, ਆਪਣੇ ਗੁਲਾਮਾਂ ਦੇ ਲਗਾ ਕੇ ਫੀਤੀਆਂ। ਰਾਜਾਸ਼ਾਹੀ ਦੌਰ ਹੁਣ ਜਦੋਂ ਆ ਗਿਆ ਹੈ ਤਾਂ ਲੋਕਤੰਤਰ ਦੇ ਅਰਥ ਠੋਕਤੰਤਰ ਵਿੱਚ ਬਦਲ ਦਿੱਤੇ ਗਏ ਹਨ।ਦੇਸ਼ ਦੀ ਵੰਡ ਤੋਂ ਪਹਿਲਾਂ ਤੇ ਹੁਣ ਬਹੁਗਿਣਤੀ " ਹੱਥ ਚੱਕ ਲਫਟੈਣ " ਦੀ ਸੰਤਾਨ ਸੱਤਾ ਉਤੇ ਕਾਬਜ਼ ਹੋ ਗਈ। ਗੋਰੇ ਫਰੰਗੀਆਂ ਨੂੰ ਸਮੁੰਦਰੋਂ ਪਾਰ ਤੋਰਨ ਵਾਲਿਆਂ ਦੀ ਸੰਤਾਨ ਦੁੱਖ ਦਰਦ ਤੇ ਸੰਤਾਪ ਭੋਗਣ ਜੋਗੀ ਰਹਿ ਗਈ। ਹੁਣ ਤੱਕ ਬਹੁਗਿਣਤੀ ਨਕਲੀ ਦੇਸ਼ ਭਗਤ ਬਣੇ ਤੇ ਮੌਕਪ੍ਰਸਤਾਂ ਨੇ ਸਰਕਾਰੀ ਸਹੂਲਤਾਂ ਭੋਗੀਆਂ। ਜਿਹੜੇ ਅਸਲੀ ਦੇਸ਼ ਭਗਤ ਸਨ। ਉਹ ਗੁੰਮ ਹੋ ਗਏ ਜਾਂ ਕਰ ਦਿੱਤੇ। ਕੌਮ ਤੇ ਦੇਸ਼ ਦੇ ਗਦਾਰ ਹੁਣ ਸੱਤਾ ਦਾ ਵਪਾਰ ਕਰਦੇ ਹਨ। ਸਿੱਖਿਆ ਦੀਆਂ ਗ਼ਲਤ ਨੀਤੀਆਂ ਨੇ ਸਾਨੂੰ ਝੂਠ ਦਾ ਇਤਿਹਾਸ ਪੜ੍ਹਨ ਲਈ ਮਜਬੂਰ ਕੀਤਾ। ਹੁਣ ਜਦੋਂ ਸਾਡੇ ਇਤਿਹਾਸ ਦੀਆਂ ਹੋਰਨਾਂ ਬਾਹਰੀ ਇਤਿਹਾਸਕਾਰਾਂ ਨੇ ਅੰਦਰਲੀਆਂ ਪਰਤਾਂ ਖੋਲ੍ਹੀਆਂ ਤਾਂ ਹੈਰਾਨ ਤੇ ਪ੍ਰੇਸ਼ਾਨ ਹੋਣ ਤੋਂ ਵੱਧ ਕੁੱਝ ਕਰ ਹੀ ਨਹੀਂ ਸਕੇ। ਜੋ ਸਿੱਖਿਆ ਰਾਹੀ ਪੜ੍ਹਾਇਆ ਜਾਂਦਾ ਰਿਹਾ, ਉਸਦਾ ਕਦੇ ਕਿਸੇ ਮੁਲੰਕਣ ਨਹੀਂ ਕੀਤਾ। ਉਪਰੋਂ ਆਇਆ ਹੁਕਮ ਥੱਲੇ ਆ ਕੇ ਲਾਗੂ ਹੁੰਦਾ ਹੈ। ਇਹਨਾਂ ਹੁਕਮਾਂ ਨੇ ਹੀ ਅੱਜ ਸਾਨੂੰ ਯੋਧਿਆਂ ਤੇ ਸੂਰਮਿਆਂ ਤੋਂ ਪਿਜਲ ਕਰ ਦਿੱਤਾ। ਅਸੀਂ ਸਰੀਰਕ ਤੇ ਮਾਨਸਿਕ ਅਪਾਹਜ ਬਣਾ ਦਿੱਤੇ ਗਏ ਜਾਂ ਬਣ ਗਏ ? ਅਰਥ ਇਕੋ ਹੀ ਹੈ। ਨਰਕ ਸਵਰਗ ਦੇ ਡਰਾਵਿਆਂ ਨੇ ਸਾਨੂੰ ਸ਼ੇਰ ਤੋਂ ਗਡੋਏ ਬਣਾਇਆ ਹੈ। ਅਸੀਂ ਗਡੋਇਆਂ ਦੀ ਜੂਨ ਭੋਗਣ ਦੇ ਆਦੀ ਬਣ ਗਏ। ਧਰਮ ਦੇ ਠੇਕੇਦਾਰ ਨੇ ਨਰਕ ਸਵਰਗ ਦਾ ਵਧੀਆ ਵਪਾਰ ਚਲਾਇਆ ਤੇ ਸਾਨੂੰ ਬਹੁਤ ਡਰਾਇਆ । ਸਵਰਗ ਵਿੱਚ ਜਾਣ ਦੇ ਰਸਤਿਆਂ ਨੂੰ ਪ੍ਰਚਾਰਿਆ ਤੇ ਨਤੀਜਾ ਕੀ ਹੋਇਆ ? ਸਾਨੂੰ ਸਵਰਗ ਦੀ ਭਾਲ ਵਿੱਚ ਤੁਰਿਆਂ ਸਦੀਆਂ ਤੇ ਯੁੱਗ ਬੀਤ ਗਏ। ਸਵਰਗ ਤਾਂ ਲੱਭਿਆ ਨਹੀਂ ਪਰ ਨਰਕ ਭੋਗਣ ਦੇ ਵਾਸੀ ਬਣ ਗਏ। ਵੋਟਤੰਤਰ ਰਾਹੀ ਲੁਟੇਰੇ ਚੁਣਦੇ ਰਹੇ ਤੇ ਲੋਕਤੰਤਰ ਦਾ ਜਾਪ ਤੇ ਕੀਰਤਨ ਕਰਦੇ ਤੇ ਕਰਵਾਉਂਦੇ ਰਹੇ। ਹੁਣ ਜਦ ਲੋਕਤੰਤਰ ਨੇ ਆਪਣਾ ਅਸਲੀ ਰੂਪ ਦਿਖਾਇਆ ਤਾਂ ਸਾਨੂੰ ਹਜੇ ਵੀ ਸਮਝ ਨਹੀਂ ਆਇਆ । ਮੱਝ ਅੱਗੇ ਬੀਨ ਵਜਾਉਣ ਦਾ ਕੀ ਫਾਇਦਾ। ਡੰਗਰ ਤਾਂ ਡੰਗਰ ਹੀ ਹੁੰਦਾ ਤੇ ਰਹਿੰਦਾ ਹੈ। ਕਿਸੇ ਦਾ ਨਾਮ ਬਦਲਣ ਦੇ ਨਾਲ ਸੁਭਾਅ ਨਹੀਂ ਬਦਲਿਆ ਜਾ ਸਕਦਾ। ਬਸਤਰ ਬਦਲਣ ਦੀ ਹੋੜ ਨੇ ਸਾਨੂੰ ਖੂਬ ਮੂਰਖ ਬਣਾਇਆ ਹੈ ਪਰ ਹੱਕ ਤੇ ਸੱਚ ਉਤੇ ਕਿਵੇਂ ਪਹਿਰਾ ਦੇਣਾ ਸਿਖਾਉਣ ਦੇ ਨਾਲੋਂ ਸਵਰਗ ਵਿੱਚ ਕਿਵੇਂ ਜਾਣਾ ਹੈ ਹੀ ਸਿਖਾਇਆ ਹੈ। ਸਵਰਗ ਕਿਥੇ ਹੈ ? ਕਦੇ ਕਿਸੇ ਦੇਖਿਆ ? ਇਹ ਸਵਾਲ ਕਰਨ ਦੇ ਯੋਗ ਨਹੀਂ ਬਣਾਇਆ ਸਗੋਂ ਸਾਨੂੰ ਸਦਾ ਹੀ ਡਰਾਇਆ ਹੈ। ਅਸੀਂ ਡਰ ਦੀ ਜ਼ਿੰਦਗੀ ਜੀਣ ਲੱਗ ਪਏ ਹਾਂ । ਹੁਣ ਡਰ ਦਾ ਵਪਾਰ ਬਹੁਤ ਵੱਧ ਰਿਹਾ ਹੈ। ਇਸ ਡਰ ਨੇ ਸਾਨੂੰ ਇਕ ਚੁੱਪ ਸੌ ਸੁੱਖ ਦੇ ਅਰਥਾਂ ਵਿੱਚ ਉਲਝਾਈ ਰੱਖਿਆ। ਜਦ ਨੋਟਬੰਦੀ ਤੇ ਤਾਲਾਬੰਦੀ ਜਬਰੀ ਕੀਤੀ ਤਾਂ ਅਸੀਂ ਕੁੱਝ ਨਹੀਂ ਬੋਲੇ। ਜਦ ਪਤਾ ਹੈ ਕਿ ਸਭ ਗ਼ਲਤ ਹੋਇਆ ਹੈ ਤੇ ਹੋ ਰਿਹਾ? ਹੁਣ ਹਰ ਹੁਕਮ ਜਬਰੀ ਠੋਸਿਆ ਜਾ ਰਿਹਾ ਹੈ ਤੇ ਅਸੀਂ ਅਪਾਹਜ ਬਣੇ ਘਰਾਂ ਦੇ ਵਿੱਚ ਸ਼ਬਦ ਜੁਗਾਲੀ ਕਰਦੇ ਹਾਂ ਪਰ ਸਿਰ ਤੋਂ ਕੰਮ ਨਹੀਂ ਲੈਂਦੇ। ਹੁਣ ਉਤਰੀ ਭਾਰਤ ਦੇ ਵਿੱਚ ਹਨੇਰਾ ਹੋਵੇਗਾ ਬਿਜਲੀ ਬੰਦ ਤੇ ਜੀਵਨ ਠੱਪ।ਬਾਦਲ ਨੇ ਜਿਹੜੇ ਬਿਜਲੀ ਸਮਝੌਤੇ ਕੀਤੇ, ਕਮਿਸ਼ਨ ਛਕਿਆ ਜਿਵੇਂ ਗੁਰਦੁਆਰਾ ਸਾਹਿਬ ਵਿੱਚ ਲੰਗਰ ਛਕਦੇ ਹਨ। ਬਿਜਲੀ ਦੇ ਸਰਕਾਰੀ ਅਦਾਰੇ ਬੰਦ ਕਰਕੇ ਨਿੱਜੀ ਬਣਾਏ ਤੇ ਆਪਣੇ ਮਹਿਲ ਉਸਾਰੇ। ਮਸਲਾ ਤੇ ਕਿਸਾਨ ਅੰਦੋਲਨ ਦੀ ਜਿੱਤ ਦਾ ਹੈ, ਜਿਹੜਾ ਭਗਵਿਆਂ ਦੇ ਹੰਕਾਰ ਦੇ ਰੱਥ ਦੇ ਮੂਹਰੇ ਅੜਿਆ ਖੜ੍ਹਾ ਰਿਹਾ। ਜਦ ਭਗਵਿਆਂ ਨੂੰ ਪਤਾ ਲੱਗ ਗਿਆ ਕਿ ਇਹ ਹੁਣ ਸਿੱਧੇ ਤਰੀਕੇ ਨਹੀਂ ਕੰਮ ਸੂਤ ਆਉਣਾ ਉਹਨਾਂ ਨੇ ਕਦਮ ਪਿੱਛੇ ਕਰ ਲਏ। ਬਾਦਲ ਨੇ ਪਹਿਲਾਂ ਕਿਸਾਨਾਂ ਤੋਂ ਡਰਦਿਆਂ ਨੇ ਭਾਜਪਾ ਨੂੰ ਤਲਾਕ ਦਿੱਤਾ ਫੇਰ ਬਿਨਾ ਦੱਸੇ ਸਮਝੌਤਾ ਤਾਂ ਕਰ ਲਿਆ। ਹੁਣ ਕਿਉਂ ਨਹੀਂ ਪੰਜਾਬ ਨੂੰ ਕੈਲੀਫ਼ੋਰਨੀਆ ਬਣਾਉਣ ਵਾਲੇ ਬੋਲਦੇ ? ਕਿਸਾਨ ਤੇ ਮਜ਼ਦੂਰ ਇਕ ਕਿਉਂ ਨਹੀਂ ਹੋਇਆ ? ਕਿਸਾਨ ਅੰਦੋਲਨ ਨੂੰ ਕਿਉਂ ਬਦਨਾਮ ਕੀਤਾ ਸੀ ? ਕਿਸਾਨ ਅੰਦੋਲਨ ਦੀ ਜਿੱਤ ਦਾ ਦੁੱਖ ਹੋਣ ਕਰਕੇ ਪੰਜਾਬ ਤੋਂ ਬਦਲਾ ਲਿਆ ਜਾ ਰਿਹਾ ਏ। ਸੱਤਾ ਦੇ ਪੌੜ ਲੋਕਾਂ ਨੂੰ ਕਿਉਂ ਕੁਚਲਣ ਲੱਗੇ ਹਨ ? ਬਜ਼ਾਰ ਗਰਮ ਹੋਇਆ ਪਿਆ ਹੈ ਤੇ ਅਵਾਮ ਨਰਮ ਹੋ ਰਿਹਾ ਹੈ। ਝੁਕੀ ਜਾ ਰਿਹਾ ਹੈ। ਕਮਾਨ ਬਣਿਆ ਹੈ।ਸਾਡੀ ਚੁੱਪ ਦਾ ਹੀ ਨਤੀਜਾ ਹੈ। ਸਾਨੂੰ ਚੁੱਪ ਰੱਖਣ ਲਈ ਜਾਤਾਂ,ਧਰਮਾਂ ਤੇ ਮੁਫਤ ਦੀਆਂ ਸਹੂਲਤਾਂ ਦੇ ਲਾਲਚ ਨੇ ਲਾਚਾਰ ਬਣਾ ਦਿੱਤਾ ਹੈ। ਸੁੱਖ ਦੇ ਲਾਲਚ ਨੇ ਸਾਨੂੰ ਮਾਨਸਿਕ ਅਪਾਹਜ ਬਣਾ ਦਿੱਤਾ ਹੈ। ਇੱਕ ਚੁੱਪ ਸੌ ਸੁੱਖ ਨਹੀਂ ਹੁੰਦੇ। ਸਗੋਂ ਸੌ ਦੁਖ ਹੁੰਦੇ ਹਨ। ਹੁਣ ਭਾਣਾ ਵੀ ਨਹੀਂ ਮੰਨਿਆ ਜਾ ਸਕਦਾ ! ਹੁਣ ਅਖਾਣਾਂ ਤੇ ਮੁਹਾਵਰਿਆਂ ਦੇ ਅਰਥ ਬਦਲਣ ਦੀ ਲੋੜ ਹੈ। ਕਦੋ ਤੱਕ ਸਵਰਗ ਦੇ ਲਾਰਿਆਂ ਦੇ ਚੱਕਰ ਵਿੱਚ ਫਸੇ ਰਹੋਗੇ। ਅੰਨ੍ਹੀ ਸ਼ਰਧਾ ਦੀਆਂ ਅੱਖਾਂ ਉਤੇ ਬੰਨ੍ਹਿਆ ਬਸਤਰ ਉਤਾਰੋ। ਜ਼ਿੰਦਗੀ ਦੇ ਅਰਥ ਬਦਲੋ.ਉਨ੍ਹਾਂ ਪ੍ਰੰਪਰਾਵਾਂ ਫੂਕ ਦਿਓ ਜਿਹਨਾਂ ਨੇ ਤੁਹਾਨੂੰ ਸੂਰਮਿਆਂ ਤੋਂ ਅਪਾਹਜ ਬਣਾਇਆ ! ਚੋਰ, ਡਾਕੂ, ਲੁਟੇਰੇ, ਭ੍ਰਿਸ਼ਟਾਚਾਰੀਏ, ਸਿਆਸੀ ਪਾਰਟੀਆਂ ਦੇ ਆਗੂ ਤਾਂ ਮੌਕਾ ਮਿਲਿਆ ਇੱਕ ਦੂਜੇ ਨਾਲ ਰਲ਼ ਮਿਲ਼ ਜਾਂਦੇ ਹਨ। ਲੋਕ ਉਹਨਾਂ ਦੇ ਝੋਲੀ ਚੁੱਕ ਬਣ ਕੇ ਇੱਕ ਦੂਜੇ ਦਾ ਸਿਰ ਪਾੜ ਕੇ ਥਾਣੇ ਕਚਹਿਰੀਆਂ ਵਿੱਚ ਤਰੀਕਾ ਭੁਗਤਦੇ ਹਨ। ਲੋਕਾਂ ਨੂੰ ਕਦੋਂ ਸਮਝ ਆਵੇਗੀ ਕਿ ਉਹਨਾਂ ਦੇ ਅਸਲੀ ਦੁਸ਼ਮਣ ਕੌਣ ਹਨ? ਸੁੱਤਿਆਂ ਨੂੰ ਜਗਾਇਆ ਜਾ ਸਕਦਾ ਹੈ ਪਰ ਜਾਗਦਿਆਂ ਨੂੰ ਕੌਣ ਜਗਾਵੇ ਤੇ ਸਮਝਾਵੇ, ਕਿ ਉਠੋ, ਪੜ੍ਹੋ, ਜੁੜੋ, ਸੰਘਰਸ਼ ਕਰੋ। ਦੁਸ਼ਮਣ ਤੁਹਾਡੇ ਘਰਾਂ ਵਿੱਚ ਆ ਵੜਿਆ ਹੈ। ਤੁਸੀਂ ਆਪਸ ਵਿੱਚ ਲੜਣ ਲੱਗੇ ਓ। ਤੁਹਾਨੂੰ ਕਦੋਂ ਅਕਲ ਆਵੇਗੀ?



ਬੁੱਧ ਸਿੰਘ ਨੀਲੋਂ
94643 70823

# ਸੈਂਚੁਰੀ ਪਲਾਈਵੁੱਡ ਨੇ ਆਸ਼ਾ ਕਿਰਨ ਸਕੂਲ ਵਿੱਚ ਸੋਲਰ ਪਲਾਂਟ ਲਈ 7 ਲੱਖ ਰੁਪਏ ਦਿੱਤੇ

## ਵਿਸ਼ੇਸ਼ ਬੱਚਿਆਂ ਦੇ ਵੱਖ-ਵੱਖ ਖੇਡ ਮੁਕਾਬਲੇ ਕਰਵਾਏ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਪੈਸ਼ਲ ਓਲੰਪਿਕ ਯੂਨੀਫਾਈਡ ਚੈਂਪੀਅਨ ਸਕੂਲ ਵਿਦ ਡਿਸਟਿੰਕਸ਼ਨ ਪ੍ਰੋਗਰਾਮ ਜਿਲਾ ਸਪੈਸ਼ਲ ਓ ਲ ੰ ਪਿ ਕ ਐਸੋਸੀਏਸ਼ਨ ਦੇ ਸਹਿਯੋਗ ਨਾਲ ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ, ਪਲਾਈਵੁੱਡ ਹੁਸ਼ਿਆਰਪੁਰ ਵਿਖੇ ਮੁੱਖ ਮਹਿਮਾਨ ਵਜੋਂ ਪੁੱਜੇ ਅਤੇ ਉਨ੍ਹਾਂ ਨਾਲ ਬੀ.ਐਸ. ਇਸ ਮੌਕੇ ਏਰੀਆ ਡਾਇਰੈਕਟਰ ਪਰਮਜੀਤ ਸਿੰਘ ਸਚਦੇਵਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਸਕੂਲ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰੋਗਰਾਮ ਮੈਨੇਜਰ ਓਮਾ ਸ਼ੰਕਰ ਨੇ ਦੱਸਿਆ ਕਿ ਯੂਨਾਈਟਿਡ ਪਾਰਸਲ ਸਰਵਿਸ ਅਮਰੀਕਾ ਦੀ ਤਰਫੋਂ ਐਸ.ਓ.ਬੀ ਪੰਜਾਬ ਵੱਲੋਂ ਜ਼ਿਲ੍ਹਾ ਸਪੈਸ਼ਲ ਓਲੰਪਿਕ ਹੁਸ਼ਿਆਰਪੁਰ ਨੂੰ ਗ੍ਰਾਂਟ ਦਿੱਤੀ ਗਈ ਹੈ, ਜਿਸ ਕਾਰਨ ਇਹ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਜ਼ਿਲ੍ਹਾ




ਸਪੋਰਟ ਡਾਇਰੈਕਟਰ ਸ੍ਰੀਮਤੀ ਅੰਜਨਾ ਵੱਲੋਂ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸ਼ੈਲੀ ਸ਼ਰਮਾ ਨੇ ਦੱਸਿਆ ਕਿ ਆਸ਼ਾ ਕਿਰਨ ਸਪੈਸ਼ਲ ਸਕੂਲ ਦੇ ਸਪੈਸ਼ਲ ਬੱਚਿਆਂ ਅਤੇ ਆਸ਼ਾ ਕਿਰਨ ਟਰੇਨਿੰਗ ਇੰਸਟੀਚਿਊਟ ਦੇ ਵਿਦਿਆਰਥੀਆਂ ਵਿਚਕਾਰ ਮੁਕਾਬਲੇ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਅਜਿਹੇ ਮੁਕਾਬਲਿਆਂ ਨਾਲ ਬੱਚਿਆਂ ਦਾ ਆਤਮ ਵਿਸ਼ਵਾਸ ਵਧਦਾ ਹੈ। ਇਸ ਸਮੇਂ ਬੀ.ਐਸ ਸੱਭਰਵਾਲ ਵੱਲੋਂ ਸਕੂਲ ਵਿੱਚ ਸੋਲਰ ਪਲਾਂਟ ਲਗਾਉਣ ਲਈ 7 ਲੱਖ ਰੁਪਏ ਦੀ ਰਾਸ਼ੀ ਦਾ ਚੈੱਕ ਭੇਟ ਕੀਤਾ ਗਿਆ। ਇਸ ਸਮੇਂ ਸਕੱਤਰ ਹਰਬੰਸ ਸਿੰਘ, ਐਡਵੋਕੇਟ ਹਰੀਸ਼ ਚੰਦਰ ਏਰੀ ਪੂਰਵ ਪ੍ਰਧਾਨ, ਰਾਮ ਆਸਰਾ, ਹਰਮੇਸ਼ ਤਲਵਾੜ, ਮਲਕੀਤ ਸਿੰਘ ਮਹੇੜੂ, ਮਸਤਾਨ ਸਿੰਘ ਗਰੇਵਾਲ, ਰਾਮ ਕੁਮਾਰ ਸ਼ਰਮਾ, ਲੋਕੇਸ਼ ਖੰਨਾ, ਕੋਰਸ ਕੋਆਰਡੀਨੇਟਰ ਬਰਿੰਦਰ ਕੁਮਾਰ, ਵਾਈਸ ਪ੍ਰਿੰਸੀਪਲ ਇੰਦੂ ਬਾਲਾ ਆਦਿ ਹਾਜ਼ਰ ਸਨ।

# ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਦਾਨ ਸੰਸਥਾ ਨੇ 9ਵਾਂ ਕੰਨਿਆਦਾਨ ਸਮਾਗਮ ਕਰਵਾਇਆ

**ਜਲੰਧਰ ( ਚਰਨਜੀਤ ਸੱਲ੍ਹਾ )** ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆ ਦਾਨ ਸੰਸਥਾ (ਰਜਿ.) ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਆਗਮਨ ਪੁਰਬ ਨੂੰ ਸਮਰਪਿਤ 5 ਲੋੜਵੰਦ ਲੜਕੀਆਂ ਦੇ ਸਮੂਹਿਕ ਅਨੰਦ ਕਾਰਜ ਮਿਤੀ 23 ਫਰਵਰੀ, 2025 ਦਿਨ ਐਤਵਾਰ ਨੂੰ ਸਿਟੀ ਕਮਿਊਨਿਟੀ ਹਾਲ, ਮੁਹੱਲਾ ਸਿੱਧ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਕੀਤੇ ਗਏ। ਸੰਸਥਾ ਦੇ ਚੇਅਰਮੈਨ ਪਰਮਜੀਤ ਮਡਾਰ ਤੇ ਪ੍ਰਧਾਨ ਬੀਰ ਚੰਦ ਸੁਰੀਲਾ ਤੇ ਸਾਥੀਆਂ ਦੇ ਸਹਿਯੋਗ ਸਦਕਾ ਇਹ 9ਵਾਂ ਕੰਨਿਆ ਦਾਨ ਸਮਾਗਮ ਬੜੇ ਹੀ ਸੁਚੱਜੇ ਢੰਗ ਨਾਲ ਸੰਪੂਰਨ ਹੋਇਆ। ਜਿਸ ਵਿਚ ਪੰਜ ਸਮੂਹਿਕ ਵਿਆਹ ਕੀਤੇ ਗਏ। ਇਨਾਂ ਵਿਚ ਪ੍ਰਵਾਸੀ ਵੀਰਾਂ ਤੇ ਸੰਸਥਾਂ ਦੇ ਮੈਂਬਰਾਂ ਦਾ ਉੱਘਾ ਯੋਗਦਾਨ ਰਿਹਾ। ਕੰਨਿਆਦਾਨ ਨੂੰ ਉੱਤਮ ਦਾਨ ਸਮਝ ਕੇ ਨਗਰ ਨਿਵਾਸੀਆਂ ਨੇ ਵੀ ਆਪਣੀ ਸਮਰੱਥਾ ਮੁਤਾਬਿਕ ਯੋਗਦਾਨ ਪਾਇਆ। ਇਸ ਮੌਕੇ ਮੁੱਖ ਮਹਿਮਾਨਾਂ ਵੱਲੋਂ ਕੰਨਿਆਦਾਨ ਦੇ ਨਾਲ ਨਾਲ ਸਿੱਖਿਆ, ਖੇਡਾਂ ਅਤੇ ਮੈਡੀਕਲ ਕੈਂਪ ਲਗਾ ਕੇ ਪਰਉਪਕਾਰ ਦੇ ਕੀਤੇ ਜਾ ਰਹੇ



ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰਧਾਨ ਬੀਰ ਚੰਦ ਸੁਰੀਲਾ, ਉਪ ਪ੍ਰਧਾਨ ਸ. ਸਰਵਣ ਸਿੰਘ ਅਤੇ ਮੁੱਖ ਸਲਾਹਕਾਰ ਸੁਰੇਸ਼ ਕਲੇਰ , ਪ੍ਰੈਸ ਸਕੱਤਰ ਬਲਰਾਜ ਸਿੰਘ ਨੇ ਪੰਜਵੇਂ ਕੰਨਿਆਦਾਨ ਸਮਾਗਮ 'ਚ ਸਹਿਯੋਗ ਦੇਣ ਵਾਲੇ ਹਰ ਸਹਿਯੋਗੀ ਦਾ ਤਹਿਦਿਲੋਂ ਧੰਨਵਾਦ ਕੀਤਾ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਦੇ ਕੇ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜਾਂ ਨੂੰ ਸਫ਼ਲ ਬਨਾਉਣ ਲਈ ਹੌਂਸਲਾ ਦਿੰਦੇ ਰਹਿਣ ਦੀ ਬੇਨਤੀ ਕੀਤੀ। ਇਸ ਮੌਕੇ ਵੱਖ-ਵੱਖ ਸੰਸਥਾਵਾਂ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਸਮਾਗਮ ਵਿਚ ਸ਼ਿਰਕਤ ਕਰਕੇ ਸੰਸਥਾ ਦਾ ਮਾਣ ਵਧਾਇਆ। ਇਸ ਮੌਕੇ ਸੰਸਥਾ ਦੇ ਅਹੁਦੇਦਾਰਾਂ ਤੇ ਮੈਂਬਰਾਂ ਵਿਚ, ਸੁਰਿੰਦਰ ਪਾਲ ਜਨਾਗਲ, ਮਦਨ ਸਿੰਘ, ਸੰਤੋਖ ਸਿੰਘ, ਦਵਿੰਦਰ ਸੁਰੀਲਾ, ਖਜਾਨਚੀ ਹਰੀਸ਼ ਵਿਰਦੀ, ਜਗਦੀਪ ਵਾਲੀਆ, ਬਾਬਾ ਜਗੀਰ ਸਿੰਘ, ਲੰਬੜਦਾਰ ਨਛੱਤਰ ਕਲੇਰ, ਭੱਟੀ,ਐਡ. ਜਗਜੀਵਨ ਰਾਮ, ਡਾ. ਮੱਖਣ ਲਾਲ, ਗੁਰਪ੍ਰੀਤ ਕਲੇਰ , ਰਜਿੰਦਰ ਕੁਮਾਰ, ਸੰਜੀਵ ਭੱਟੀ , ਵਿਸ਼ਾਲ ਰੇਰੂ, ਬਾਬਾ , ਤਰਸੇਮ ਬੱਧਣ, ਆਦਿ ਨੇ ਵਿਸ਼ੇਸ਼ ਸਹਿਯੋਗ ਪਾਇਆ।

# ਪਿੰਡ ਢੰਡੂਹਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਦੀਆਂ ਖੁਸ਼ੀਆਂ ਵਿੱਚ ਨਗਰ ਕੀਰਤਨ ਸਜਾਇਆ ਗਿਆ

**ਬੰਗਾ (ਚਰਨਜੀਤ ਸੱਲ੍ਹਾ )** ਪਿੰਡ ਢੰਡੂਹਾ ਦੀਆਂ ਸੰਗਤਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਦੀਆਂ ਖੁਸ਼ੀਆਂ ਵਿੱਚ ਨਗਰ ਕੀਰਤਨ ਸਜਾਇਆ ਗਿਆ ਜ਼ੋ ਕਿ ਸਾਰੇ ਨਗਰ ਦੀ ਪ੍ਰਕੰਰਿਮਾ ਕਰਦਾ ਹੋਇਆ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ ਜਿਸ ਵਿੱਚ ਸਾਧੂ ਸੰਪਰਦਾਇ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਭਰੋ ਮਜਾਰਾ ਜੀ ਸ਼ਾਮਲ ਹੋਏ। ਇਸ ਮੌਕੇ ਤੇ ਹੰਸ ਰਾਜ ਬੰਗਾ ਚੇਅਰਮੈਨ ਕਾਂਸ਼ੀ ਟੀ ਵੀ, ਕਮਲਜੀਤ ਬੰਗਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਬਲਵੀਰ ਸਿਘ ਸਾਬਕਾ ਸਰਪੰਚ ਲਾਦੀਆ, ਮਨਜੀਤ ਕੁਮਾਰ ਸਰਪੰਚ, ਹਰਪ੍ਰੀਤ ਕੁਮਾਰ ਲਾਦੀਆ , ਸੋਹਣ ਲਾਲ, ਹਰਵਿੰਦਰ ਕੁਮਾਰ ਰਾਜੂ, ਰਛਪਾਲ ਸਿੰਘ, ਸੁਖਵਿੰਦਰ ਪਾਲ ਸਿੰਘ,ਭਾਈ ਅਮਰਜੀਤ



ਸਿੰਘ ਹੈੱਡ ਗ੍ਰੰਥੀ ਮੱਲੂਪੋਤਾ, ਪਰਮਜੀਤ ਪੰਮਾ, ਪ੍ਰਿਤਪਾਲ ਸਿੰਘ, ਬਲਵਿੰਦਰ ਸਿੰਘ, ਹਰਮਨਜੀਤ ਸਿੰਘ ਨੰਬਰਦਾਰ



ਸਮਾਜਿਕ ਸਮਾਨਤਾ ਸੰਗਠਨ ਸਕੱਤਰ ਅਤੇ ਠਾਠਾਂ ਮਾਰਦਾ ਸੰਗਤਾਂ ਦਾ ਵਿਸ਼ਾਲ ਇਕੱਠ ਹਾਜ਼ਰ ਸੀ।

for more news visit:
www.samajweekly.com

# ਬੁੱਧੀਜੀਵੀ ਅਤੇ ਇਤਿਹਾਸਕਾਰ ਪ੍ਰੋਫੈਸਰ ਬਿਕਰਮ ਵਲੋਂ ਬੋਧ ਗਯਾ ਅੰਦੋਲਨ ਨੂੰ ਸਮਰਥਨ





**ਜਲੰਧਰ (ਜੱਸਲ)–** ਐਡਵੋਕੇਟ ਹਰਭਜਨ ਸਾਂਪਲਾ ਜੀ ਤੋਂ ਮਿਲੀ ਜਾਣਕਾਰੀ ਅਨੁਸਾਰ ਅੱਜ ਬੁੱਧ ਗਯਾ ਮੁਕਤੀ ਅੰਦੋਲਨ ਬਾਰ੍ਹਵੇਂ ਦਿਨ ਵਿੱਚ ਦਾਖਲ ਹੋ ਗਿਆ। ਅੱਜ ਦੇ ਧਰਨੇ ਨੂੰ ਬੁੱਧੀਜੀਵੀ ਅਤੇ ਪ੍ਰਸਿੱਧ ਇਤਿਹਾਸਕਾਰ ਪ੍ਰੋਫੈਸਰ ਬਿਕਰਮ ਜੀ, ਇਲਾਹਾਬਾਦ ਯੂਨੀਵਰਸਿਟੀ ਨੇ ਆਪਣਾ ਸਮਰਥਨ ਦਿੱਤਾ। ਉਹਨਾਂ ਬਹੁਜਨ ਬੁੱਧੀਜੀਵੀਆਂ ਨੂੰ ਅਪੀਲ ਕੀਤੀ ਕਿ ਜਾਤ ਪਾਤ ਤੋਂ ਉਪਰ ਉੱਠ ਕੇ ਬੋਧ ਗਯਾ ਅੰਦੋਲਨ ਵਿਚ ਜਾਣਾ ਚਾਹੀਦਾ ਹੈ। ਮੈਂ ਵੀ ਬੋਧ ਗਯਾ 'ਚ ਵੱਧ ਤੋਂ ਵੱਧ ਸਮਾਂ ਦੇ ਕੇ ਬੁੱਧਿਸਟਾਂ ਵਲੋਂ ਵਿੱਢੇ ਗਏ ਅੰਦੋਲਨ ਨੂੰ ਕਾਮਯਾਬ ਕਰਾਂਗਾ। ਭੰਤੇ ਵਿਨੈ ਭਿਖਸ਼ੂ ਵੱਲੋਂ ਧਰਨੇ ਦਾ



ਸਮਰਥਨ ਕੀਤਾ ਗਿਆ। ਉਹਨਾਂ ਕਿਹਾ ਕਿ ਮੈਂ ਆਪਣੇ ਆਖਰੀ ਸਾਹ ਤੱਕ ਅੰਦੋਲਨਕਾਰੀਆਂ ਨਾਲ ਖੜਾ ਹਾਂ। ਇਸ ਸਮਰਥਨ ਨਾਲ ਅੰਦੋਲਨਕਾਰੀਆਂ ਦੇ ਹੌਸਲੇ ਬੁਲੰਦ ਹੋਏ ਹਨ। ਸ੍ਰੀ ਅਕਾਸ਼ ਲਾਮਾ ਜਨਰਲ ਸਕੱਤਰ ਆਲ ਇੰਡੀਆ ਬੁੱਧਿਸਟ ਫੋਰਮ ਨੇ ਬੁੱਧ ਗਯਾ ਮੁਕਤੀ ਅੰਦੋਲਨ ਦਾ ਸਮਰਥਨ ਦੇਣ ਵਾਲੇ ਬੁੱਧੀਜੀਵੀਆਂ, ਭਿਖਸ਼ੂਆਂ , ਸਮਰਥਕਾਂ ਦਾ ਧੰਨਵਾਦ ਕੀਤਾ।

# 16ਵਾਂ ਮਹਾਨ ਸੰਤ ਸੰਮੇਲਨ 9 ਮਾਰਚ ਨੂੰ



ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 16 ਵਾਂ ਮਹਾਨ ਸੰਤ ਸੰਮੇਲਨ ਦਾਣਾ ਮੰਡੀ, ਚੱਬੇਵਾਲ ਹੁਸ਼ਿਆਰਪੁਰ, ਮਿਤੀ 9 ਮਾਰਚ ਦਿਨ ਐਤਵਾਰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਕਰਵਾਇਆ ਜਾ ਰਿਹਾ ਹੈ, ਇਸ ਦਾ ਪੋਸਟਰ ਨੂੰ ਰਿਲੀਜ ਕਰਨ ਸਮੇ ਡਾ.ਬਲਦੇਵ ਹੀਰ ਨੇ ਦੱਸਿਆ ਹੈ ਕਿ ਸਵੇਰੇ ਪਾਠ ਸ਼੍ਰੀ ਸੁਖਮਨੀ ਸਾਹਿਬ ਉਪਰੰਤ ਸ਼ਬਦ ਕੀਰਤਨ ਹੋਵੇਗਾ, ਉਪਰੰਤ ਪ੍ਰਸਿੱਧ ਗਾਇਕ ਭੈਣਾਂ ਕੌਰ ਸਿਸਟਰਜ਼ ਪ੍ਰਮੀਤ ਕੌਰ ਹਰਮੀਤ ਕੌਰ ਚੱਕ ਰਾਮੂੰ, ਅਤੇ ਗਾਇਕ ਬਲਵਿੰਦਰ ਸੋਨੂੰ ਧਾਰਮਿਕ ਪ੍ਰੋਗਰਾਮ ਪੇਸ਼ ਕਰਨਗੇ, ਇਹ ਸਮਾਗਮ ਨਗਰ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ, ਇਸ ਮੌਕੇ ਸੰਤ ਰਮੇਸ਼ ਦਾਸ ਜੀ, ਤਰਲੋਚਨ ਸਿੰਘ, ਜਿੰਦਰ, ਡਾ. ਬਲਦੇਵ ਹੀਰ, ਮੋਹਣ ਸਿੰਘ, ਸੰਤ ਸੀਤਲ ਦਾਸ ਜੀ ਕਾਲੇਵਾਲ ਭਗਤਾਂ, ਸਤਵਿੰਦਰ ਸਿੰਘ, ਅਮਰੀਕ ਚੰਦ, ਵਪਨ ਕੁਮਾਰ ਆਦਿ ਹਾਜਰ ਸਨ।

for more news visit:
www.samajweekly.c

# ਸੱਤ ਰੋਜਾ ਐੱਨ ਐੱਸ ਐੱਸ ਕੈਂਪ ਦਾ ਆਰੰਭ

ਯੂਨੀਵਰਸਿਟੀ ਕਾਲਜ ਬਰਨਾਲਾ ਵਿਖੇ ਕਾਲਜ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ ਡਾਕਟਰ ਰਾਮਪਾਲ ਸਿੰਘ ਦੀ ਅਗਵਾਈ ਵਿੱਚ ਪਿੰਡ ਸੇਖਾ , ਬਰਨਾਲਾ ਵਿਖੇ 7 ਰੋਜਾ ਐੱਨ ਐੱਸ ਐੱਸ ਕੈਂਪ ਦੀ ਸ਼ੁਰੂਆਤ ਕੀਤੀ ਗਈ ।ਕਾਲਜ ਕੈਂਪਸ ਵਿੱਚ ਕੀਤੇ ਉਦਘਾਟਨੀ ਸਮਾਰੋਹ ਦੌਰਾਨ ਕਾਲਜ ਦੇ ਪ੍ਰਿੰਸੀਪਲ ਪ੍ਰੋਫੈਸਰ ਹਰਕੰਵਲਜੀਤ ਸਿੰਘ ਵੱਲੋਂ ਵਲੰਟੀਅਰਾਂ ਨੂੰ ਕੌਮੀ ਸੇਵਾ ਯੋਜਨਾ ਦੇ ਮਹੱਤਵ ਤੋਂ ਜਾਣੂ ਕਰਵਾਉਂਦਿਆਂ, ਤਨ ਦੇਹੀ ਅਤੇ ਸੱਚੀ ਭਾਵਨਾ ਨਾਲ ਸਤ ਰੋਜਾ ਐੱਨ ਐੱਸ ਐੱਸ ਕੈਂਪ ਨੂੰ ਸਫਲਤਾ ਪੂਰਵਕ ਮੁਕੰਮਲ ਕਰਨ ਲਈ ਪ੍ਰੇਰਿਤ ਕੀਤਾ ਗਿਆ। ਉਹਨਾਂ ਆਪਣਾ ਅਸ਼ੀਰਵਾਦ ਦਿੰਦਿਆਂ ਐੱਨ ਐੱਸ ਐੱਸ ਯੂਨਿਟ ਨੂੰ ਪਿੰਡ ਸੇਖਾ ਲਈ ਰਵਾਨਾ ਕੀਤਾ। ਕੈਂਪ ਦੇ ਪਹਿਲੇ ਦਿਨ ਵਲੰਟੀਅਰਾਂ ਵਿੱਚ ਉਤਸ਼ਾਹ ਵੇਖਣ ਨੂੰ ਮਿਲਿਆ, ਖਾਸ ਕਰ ਲੜਕੀਆਂ ਅੰਦਰ ਇਸ ਕੈਂਪ ਪ੍ਰਤੀ ਭਾਰੀ ਉਤਸਾਹ ਹੈ। ਕੈਂਪ ਦੇ ਪ੍ਰੋਗਰਾਮ ਅਫ਼ਸਰ ਡਾਕਟਰ ਰਾਮਪਾਲ ਸਿੰਘ ਨੇ ਵਲੰਟੀਅਰਾਂ ਨੂੰ ਸਦਭਾਵਨਾ ਨਾਲ ਅਤੇ ਅਨੁਸ਼ਾਸਿਤ ਢੰਗ ਨਾਲ ਕੈਂਪ ਦੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਤ ਕੀਤਾ। ਪ੍ਰੋਫੈਸਰ ਗੁਰਮੇਲ ਸਿੰਘ ਨੇ ਵਿਦਿਆਰਥੀਆਂ ਨੂੰ ਖ਼ੂਨਦਾਨ ਦੇ ਮਹੱਤਵ ਬਾਰੇ ਜਾਗਰੂਕ ਕੀਤਾ। ਕਾਲਜ ਦੇ ਐੱਨ ਐੱਸ ਐੱਸ ਯੂਨਿਟ ਦੇ ਵਲੰਟੀਅਰਾਂ ਤੋਂ ਇਲਾਵਾ ਇਸ ਸਮਾਰੋਹ ਵਿੱਚ ਡਾਕਟਰ ਗਗਨਦੀਪ ਕੌਰ, ਡਾਕਟਰ ਵਿਭਾ ਅਗਰਵਾਲ, ਡਾਕਟਰ ਸੁਖਰਾਜ ਸਿੰਘ,ਡਾਕਟਰ ਹਰਵਿੰਦਰ ਸਿੰਘ, ਸਰਦਾਰ ਜਸਵਿੰਦਰ ਸਿੰਘ ਹਾਜਰ ਸਨ।

# ਅਮਰੀਕਾ ਤੋਂ ਡਿਪੋਰਟ ਹੋ ਕੇ ਆਏ ਨੌਜਵਾਨਾਂ ਲਈ ਸਰਕਾਰਾਂ ਤੁਰੰਤ ਰੁਜ਼ਗਾਰ ਦਾ ਪ੍ਰਬੰਧ ਕਰਨ : ਸੰਤ ਸਤਰੰਜਨ ਸਿੰਘ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਅਮਰੀਕਾ ਦੀਆਂ ਰਿਪੋਰਟਾਂ ਅਨੁਸਾਰ ਲੱਗਭੱਗ 18 ਹਜਾਰ ਭਾਰਤੀ ਲੋਕਾਂ ਦੀ ਅਮਰੀਕਾ ਵਿੱਚ ਗੈਰ ਕਾਨੂੰਨੀ ਢੰਗ ਨਾਲ ਰਹਿਣ ਦੀ ਪਹਿਚਾਣ ਹੋ ਚੁੱਕੀ ਹੈ ਅਤੇ ਉਹਨਾਂ ਵੱਲੋਂ ਉਹ ਪਰਿਵਾਰ ਵਾਪਸ ਭੇਜੇ ਜਾ ਰਹੇ ਹਨ ਜਿਨਾਂ ਵਿੱਚ ਨੌਜਵਾਨ ਬੱਚੇ, ਔਰਤਾਂ, ਬਜ਼ੁਰਗ ਵੀ ਸ਼ਾਮਿਲ ਹਨ, ਇਹ ਪਰਿਵਾਰ ਆਪਣੇ ਦੇਸ਼ ਵਿੱਚੋਂ ਆਪਣਾ ਚੰਗਾ ਭਵਿੱਖ ਬਣਾਉਣ ਲਈ ਅਤੇ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਵਿਦੇਸ਼ਾਂ ਵਿੱਚ ਆਪਣੇ ਸੁਨਹਿਰੀ ਭਵਿੱਖ ਲਈ ਗਏ ਸਨ, ਜਿੱਥੇ ਉਹਨਾਂ ਦੇ ਪੈਰ ਨਹੀਂ ਲੱਗ ਸਕੇ ਸਗੋਂ ਟਰੈਵਲ ਏਜੰਟਾਂ ਨੇ ਇਹਨਾਂ ਪਰਿਵਾਰਾਂ ਵੱਲੋਂ ਕਰੋੜਾਂ ਰੁਪਇਆ ਦੀ ਲੁੱਟ ਕੀਤੀ ਗਈ ਇਹਨਾਂ ਗੱਲਾਂ ਦਾ ਪ੍ਰਗਟਾਵਾ ਨਜ਼ਦੀਕੀ ਪਿੰਡ ਧੁੱਗਾ ਕਲਾਂ ਦੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਸਤਰੰਜਨ ਸਿੰਘ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ਉਹਨਾਂ ਕਿਹਾ ਕਿ ਜਿਨਾਂ ਟਰੈਵਲ ਏਜੰਟਾਂ ਨੇ ਇਹ ਪਰਿਵਾਰਾਂ ਨਾਲ ਠੱਗੀਆਂ ਮਾਰੀਆਂ ਹਨ, ਉਹ ਸਰਕਾਰਾਂ ਦੇ ਧਿਆਨ ਵਿੱਚ ਹਨ ਪਰ



ਸਰਕਾਰਾਂ ਧਿਆਨ ਨਹੀਂ ਦੇ ਰਹੀਆਂ, ਜਿਸ ਕਰਕੇ ਪਿਛਲੇ ਦੋ ਤਿੰਨ ਦਹਾਕਿਆਂ ਤੋਂ ਲਗਾਤਾਰ ਲੱਖਾਂ ਦੀ ਗਿਣਤੀ ਵਿੱਚ ਪੰਜਾਬ ਦਾ ਨੌਜਵਾਨ ਅਤੇ ਸਰਮਾਇਆ ਵਿਦੇਸ਼ ਜਾ ਰਿਹਾ ਹੈ ਜਿਸ ਨਾਲ ਭਾਰਤ ਦੀ ਆਰਥਿਕ ਹਾਲਤ ਹੋਰ ਵੀ ਕਮਜੋਰ ਹੁੰਦੀ ਜਾ ਰਹੀ ਉਹਨਾਂ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਪੁਰਜੋਰ ਅਪੀਲ ਕੀਤੀ ਕਿ ਜੋ ਪਰਿਵਾਰ ਅਮਰੀਕਾ ਨੇ ਭਾਰਤ ਭੇਜੇ ਹਨ, ਉਹ ਭਾਰਤੀ ਹੀ ਹਨ ਆਪਣੇ ਰੁਜ਼ਗਾਰ ਦੀ ਭਾਲ ਵਿੱਚ ਵਿਦੇਸ਼ਾਂ ਵਿੱਚ ਧੱਕੇ ਖਾਣ ਮਗਰੋਂ ਅਜਿਹੇ ਹਾਲਾਤਾਂ ਦਾ ਉਹਨਾਂ ਨੂੰ ਸਾਹ-ਮਣਾ ਕਰਨਾ ਪਿਆ ਹੈ, ਉਹਨਾਂ ਕਿਹਾ ਕਿ ਮੁੜ ਵਸੇਬੇ ਲਈ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਇਹਨਾਂ ਪਰਿਵਾਰਾਂ ਲਈ ਪਹਿਲ ਦੇ ਅਧਾਰ ਤੇ ਰੁਜਗਾਰ ਦਾ ਪ੍ਰਬੰਧ ਕਰੇ ਉਹਨਾਂ ਕਿਹਾ ਕਿ ਜਿਹਨਾ ਟਰੈਵਲ ਏਜੰਟਾਂ ਨੇ ਇਹ ਪਰਿਵਾਰਾਂ ਨਾਲ ਠੱਗੀਆਂ ਮਾਰੀਆਂ ਹਨ ਉਹਨਾਂ ਦੇ ਵਿਰੁੱਧ ਕਾਨੂੰਨੀ ਕਾਰਵਾਈ ਕਰਕੇ ਜੇਲ੍ਹਾਂ ਵਿੱਚ ਡੱਕੇ ਤਾਂ ਜੋ ਇਹੋ ਜਿਹੇ ਠੱਗ ਏਜੰਟ ਅੱਗੇ ਤੋ ਕਿਸੇ ਨੂੰ ਆਪਣੇ ਜਾਲ ਵਿੱਚ ਨਾ ਫਸਾ ਸਕਣ। ਉਹਨਾਂ ਇਹ ਵੀ ਕਿਹਾ ਕਿ ਸਰਕਾਰਾਂ ਨੂੰ ਰੁਜ਼ਗਾਰ ਦੇ ਪ੍ਰਬੰਧ ਕਰਨ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

# ਸੁਰਜੀਤ ਸਿੰਘ ਅਤੇ ਹਰਜੀਤ ਕੌਰ ਦੇ ਪੁੱਤਰ ਗੁਰਤੇਜ ਸਿੰਘ ਗਿੱਲ ਤੇਜੂ ਰੂੰਮੀ ਨੇ ਛੋਟੀ ਉਮਰ ਵਿੱਚ ਪੱਟੀਆ ਵੱਡੀਆਂ ਲਾਂਘਾ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਤੇਜੂ ਰੂੰਮੀ ਨੇ ਜਾਣਕਾਰੀ ਦਿੰਦਿਆਂ ਦਸਿਆ ਕੇ ਪਿੰਡ ਰੂੰਮੀ ਤਹਿਸੀਲ ਜਗਰਾਓਂ ਜਿਲ੍ਹਾ ਲੁਧਿਆਣਾ ਦੇ ਓਪਨ ਕਬੱਡੀ ਖਿਡਾਰੀ ਗੁਰਤੇਜ ਸਿੰਘ ਗਿੱਲ 3 ਸਾਲ ਤੋਂ ਕਬੱਡੀ ਖੇਡ ਰਹੇ ਤੇ। ਖੇਡ ਦੌਰਾਨ ਵੱਡੇ ਵੱਡੇ ਕਬੱਡੀ ਕੱਪ ਜਿੱਤੇ। ਜਿਹਨਾਂ ਦਾ ਸਹਿਯੋਗ ਦਿੱਤਾ ਕੋਚ ਭਗਵਾਨ ਸਿੰਘ ਰਾਮੂਵਾਲੀਆ, ਕਬੱਡੀ ਪ੍ਰਮੋਟਰ ਇੰਦਰਜੀਤ ਰੂੰਮੀ ਕੈਨੇਡਾ, ਜੋਨਾ ਬੋਲੀਨਾ ਕੱਬਡੀ ਪ੍ਰਮੋਟਰ ਕੈਨੇਡਾ ,ਨੀਟੂ ਕੰਗ ਕੱਬਡੀ ਪ੍ਰਮੋਟਰ ਕੈਨੇਡਾ , ਜੱਗਾ ਰੂੰਮੀ ਕੱਬਡੀ ਪ੍ਰਮੋਟਰ ਕੈਨੇਡਾ , ਚਰਨਜੀਤ ਡਗਰੁ ਕੱਬਡੀ ਪ੍ਰਮੋਟਰ ਕੈਨੇਡਾ , ਨੇ। ਹਰ ਵਾਰ ਦੀ ਤਰ੍ਹਾਂ ਇਸ ਮੌਕੇ ਵੀ ਆਪਣੇ ਖੇਡ ਦਾ ਵਧੀਆਂ ਪ੍ਰਦਰਸ਼ਨ ਕੀਤਾ ਤੇ ਬਲ ਦਾ ਪ੍ਰਦਰਸ਼ਿਤ ਕਰਕੇ ਉੱਚ ਕੋਟੀ ਤੇ ਇਨਾਮ ਹਾਸਿਲ ਕੀਤੇ। ਵਾਹਿਗੁਰੂ



ਹਮੇਸ਼ਾ ਕਬੱਡੀ ਖਿਡਾਰੀ ਗੁਰਤੇਘ ਸਿੰਘ ਗਿੱਲ ਨੂੰ ਬੁਲੰਦੀਆਂ ਹਾਸਿਲ ਕਰਵਾਏ।





# ਸਰਕਾਰੀ ਰੇਟ ਤੇ ਹੀ ਵੇਚੇ ਜਾ ਰਹੇ ਹਨ ਅਸ਼ਟਾਮ ਫਰੋਸ਼ਾਂ ਵੱਲੋਂ ਅਸ਼ਟਾਮ - ਪ੍ਰਧਾਨ ਨਗਰ ਪੰਚਾਇਤ

## ਫੋਟੋ ਸਟੇਟ ਦੇ ਲਗਦੇ ਨੇ ਵਖਰੇ ਪੈਸੇ –ਅਸਵਨੀ ਕੁਮਾਰ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਅਸ਼ਟਾਮ ਫਰੋਸ਼ ਯੂਨੀਅਨ ਮਹਿਤਪੁਰ ਦੀ ਮੀਟਿੰਗ ਪ੍ਰਧਾਨ ਅਸ਼ਵਨੀ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਮਹਿਤਪੁਰ ਦੇ ਅਸ਼ਟਾਮ ਫਰੋਸ਼ਾਂ ਵੱਲੋਂ ਅਸ਼ਟਾਮ ਫਰੋਸ਼ਾਂ ਖਿਲਾਫ ਵੱਧ ਪੈਸੇ ਵਸੂਲਣ ਬਾਬਤ ਲੱਗੀ ਖਬਰ ਦਾ ਖੰਡਣ ਕੀਤਾ ਗਿਆ। ਉਨ੍ਹਾਂ ਪ੍ਰੈਸ ਨੂੰ ਸਪਸ਼ਟੀਕਰਨ ਦਿੰਦਿਆਂ ਦੱਸਿਆ ਕਿ ਮਹਿਤਪੁਰ ਦੇ ਅਸ਼ਟਾਮ ਫਰੋਸ਼ਾਂ ਵੱਲੋਂ ਗਾਹਕਾਂ ਨੂੰ ਅਸ਼ਟਾਮ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਰੇਟ ਤੇ ਹੀ ਵੇਚੇ ਜਾ ਰਹੇ ਹਨ। ਉਨ੍ਹਾਂ ਕਿਹਾ ਮਹਿਤਪੁਰ ਦੇ ਅਸ਼ਟਾਮ ਫਰੋਸ਼ਾਂ ਵੱਲੋਂ ਅਸ਼ਟਾਮ ਲੈਣ ਆਏ ਗਾਹਕਾਂ ਦੇ ਸ਼ਨਾਖਤੀ ਪਰੂਫ ਦੀ ਕਾਪੀ ਵੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲਈ ਜਾਂਦੀ ਹੈ ਜੋਂ ਜ਼ਰੂਰੀ ਹੈ । ਪਬਲਿਕ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਅਸ਼ਟਾਮ ਫਰੋਸ਼ਾਂ ਵੱਲੋਂ ਫੋਟੋ ਸਟੇਟ ਦੀਆਂ ਮਸ਼ੀਨਾਂ ਰੱਖੀਆਂ ਹਨ ਜਿਸ ਤੇ ਅਧਾਰ ਕਾਰਡ ਦੀਆਂ ਕਾਪੀਆਂ ਅਤੇ ਹੋਰ ਦਸਤਾਵੇਜ਼ ਦੀਆਂ ਫੋਟੋ ਕਾਪੀਆਂ ਗਾਹਕਾਂ ਦੇ ਕਹਿਣ ਤੇ ਕੀਤੀਆਂ ਜਾਂਦੀਆਂ ਹਨ ਇਸ ਤੋਂ ਇਲਾਵਾ ਟਾਈਪਿੰਗ, ਫਾਇਲ ਕਵਰ , ਸਟੇਸ਼ਨਰੀ ਆਦਿ ਦੇ ਬਣਦੇ ਪੈਸੇ ਹੀ ਗਾਹਕਾਂ ਕੋਲੋਂ ਅਸ਼ਟਾਮ ਦੀ ਸਰਕਾਰੀ ਕੀਮਤ ਤੋਂ ਅਲੱਗ ਲਏ ਜਾ ਹਨ। ਉਨ੍ਹਾਂ ਕਿਹਾ ਕਿ ਜਿਥੋਂ ਤੱਕ ਅਸ਼ਟਾਮ ਦੀ ਸਰਕਾਰੀ ਕੀਮਤ ਤੋਂ ਵੱਧ ਕੇ ਪੈਸੇ ਲੈਣ ਦਾ ਜ਼ਿਕਰ ਕੀਤਾ ਗਿਆ ਹੈ ਉਹ ਸਿਰਫ ਅਸ਼ਟਾਮ ਫਰੋਸ਼ਾਂ ਤੇ ਇਲਜ਼ਾਮ ਹੈ ਜੋਂ ਕਿ ਸਰਾਸਰ ਗ਼ਲਤ ਹੈ । ਅਸ਼ਟਾਮ ਫਰੋਸ਼ਾਂ ਵੱਲੋਂ ਇਸ ਸਬੰਧੀ ਮਾਣਯੋਗ ਨਾਇਬ ਤਹਿਸੀਲਦਾਰ ਮਹਿਤਪੁਰ ਨੂੰ ਵੀ ਜਾਣੂੰ ਕਰਵਾਇਆ ਗਿਆ। ਜਦੋਂ ਪੱਤਰਕਾਰਾਂ ਵੱਲੋਂ ਨਗਰ ਪੰਚਾਇਤ ਮਹਿਤਪੁਰ ਦੇ ਪ੍ਰਧਾਨ ਜੀ ਨਾਲ ਇਸ ਬਾਬਤ ਗਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਅਵਾਸ ਯੋਜਨਾ ਦੇ ਫਾਰਮ ਬਿਨਾਂ ਕਿਸੇ ਕੀਮਤ ਦੇ ਨਗਰ ਪੰਚਾਇਤ ਮਹਿਤਪੁਰ ਦੇ ਦਫ਼ਤਰ ਵਿਚੋਂ ਮਿਲਦੇ ਹਨ ਅਤੇ ਬਿਨਾਂ ਕਿਸੇ ਕੀਮਤ ਦੇ ਮੁਫ਼ਤ ਵਿਚ ਭਰੇ ਜਾ ਰਹੇ ਹਨ। ਜਦੋਂ ਉਨ੍ਹਾਂ ਕੋਲੋਂ ਮਹਿਤਪੁਰ ਦੇ ਅਸ਼ਟਾਮ ਫਰੋਸ਼ਾਂ ਵੱਲੋਂ ਵੱਧ ਪੈਸੇ ਵਸੂਲਣ ਬਾਰੇ ਪੁੱਛਿਆ





ਤਾਂ ਉਨ੍ਹਾਂ ਕਿਹਾ ਕਿ ਅਸੀਂ ਬਕਾਇਦਾ ਅਸ਼ਟਾਮ ਫਰੋਸ਼ਾਂ ਨੂੰ ਅਸ਼ਟਾਮ ਸਰਕਾਰੀ ਰੇਟ ਤੇ ਹੀ ਦੇਣ ਦੀ ਅਪੀਲ ਕੀਤੀ ਹੋਈ ਹੈ ਅਤੇ ਜੋ ਲੋਕਾਂ ਵੱਲੋਂ ਅਸ਼ਟਾਮ ਨਾਲ ਵੀਹ ਤੀਹ ਰੁਪਏ ਵੱਧ ਲੈਣ ਦੀ ਗੱਲ ਕੀਤੀ ਜਾ ਰਹੀ ਹੈ ਉਸ ਬਾਰੇ ਨਗਰ ਪੰਚਾਇਤ ਮਹਿਤਪੁਰ ਨੇ ਪੜਤਾਲ ਕੀਤੀ ਹੈ ਤਾਂ ਪਤਾ ਲੱਗਿਆ ਕਿ ਲੋਕਾਂ ਵੱਲੋਂ ਜੋ ਵੀਹ ਤੀਹ ਰੁਪਏ ਵੱਧ ਦਿੱਤੇ ਗਏ ਹਨ ਉਹ ਉਨ੍ਹਾਂ ਵੱਲੋਂ ਫੋਟੋ ਸਟੇਟ ਕਾਪੀਆਂ ਕਰਵਾਈਆਂ ਗਈਆਂ ਹਨ। ਇਸ ਬਾਬਤ ਮੌਕੇ ਤੇ ਅਸ਼ਟਾਮ ਖਰੀਦ ਰਹੇ ਲੋਕਾਂ ਕੋਲੋਂ ਜਦੋਂ ਪੱਤਰਕਾਰਾਂ ਵੱਲੋਂ ਪੁਛ ਪੜਤਾਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਅਸਟਾਮ ਤਾਂ ਪੰਜਾਹ ਰੁਪਏ ਦਾ ਹੈ ਬਾਕੀ ਪੈਸੇ ਫੋਟੋ ਕਾਪੀਆਂ ਦੇ ਲੈ ਰਹੇ ਹਨ। ਜ਼ਿਕਰਯੋਗ ਹੈ ਕਿ ਅਸ਼ਟਾਮ ਫਰੋਸ਼ ਅਸ਼ਟਾਮ ਦੇ ਵੱਧ ਪੈਸੇ ਨਹੀਂ ਵਸੂਲ ਰਹੇ। ਇਸ ਮੌਕੇ ਅਮਰਜੀਤ ਸਿੰਘ ਆਦਰਮਾਨੀ, ਬਲਜਿੰਦਰ ਕੌਰ, ਸਨੀ ਭਾਟੀਆ, ਕੁਲਵੰਤ ਸਿੰਘ, ਦਲਜਿੰਦਰ ਸਿੰਘ ਆਦਿ ਅਸ਼ਟਾਮ ਫਰੋਸ਼ ਹਾਜ਼ਰ ਸਨ।

# ਦੂਜੀ ਜਿੱਤ ਨਾਲ ਸੋਨਾਲਿਕਾ 11 ਨੇ ਸੈਮੀਫਾਈਨਲ ਵਿੱਚ ਕੀਤਾ ਪ੍ਰਵੇਸ਼ : ਡਾ: ਰਮਨ ਘਈ



**ਹੁਸ਼ਿਆਰਪੁਰ (ਤਰਸੇਮ ਦੀਵਾਨਾ)** ਸਰਕਾਰ ਵੱਲੋਂ ਨਸ਼ਾ ਖਤਮ ਕਰਨ ਲਈ ਚਲਾਈ ਗਈ ਮੁਹਿੰਮ ਦੇ ਤਹਿਤ ਅੱਜ ਪੀ.ਸੀ.ਏ. ਦੇ ਸਹਿਯੋਗ ਨਾਲ ਪੰਜਾਬ ਸ਼ਹੀਦ ਭਗਤ ਸਿੰਘ ਜੀ ਦੀ ਯਾਦਗਾਰ ਬਣਾਈ ਜਾ ਰਹੀ ਹੈ। ਅੱਜ ਖੇਡੇ ਗਏ ਮੈਚ ਵਿੱਚ ਭਾਜਪਾ ਦੇ ਸਾਬਕਾ ਕੈਬਨਿਟ ਮੰਤਰੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਨਾਲ ਜਾਣ-ਪਛਾਣ ਕੀਤੀ ਅਤੇ ਉਨ੍ਹਾਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਸਾਬਕਾ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਇਸ ਲੜਾਈ ਵਿੱਚ ਸੂਬੇ ਦੇ ਹਰੇਕ ਨਾਗਰਿਕ ਨੂੰ ਜਾਗਰੂਕ ਹੋ ਕੇ ਅੱਗੇ ਆਉਣਾ ਪਵੇਗਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸੂਬੇ ਵਿੱਚ ਨਸ਼ੇ ਪੰਜਾਬ ਦੀ ਜਵਾਨੀ ਨੂੰ ਬਰਬਾਦ ਕਰ ਰਹੇ ਹਨ, ਅਜਿਹੇ ਸਮਾਗਮ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜੰਗ ਲੜਨ ਲਈ ਪ੍ਰੇਰਿਤ ਕਰਨਗੇ। ਐਚਡੀਸੀਏ ਵੱਲੋਂ ਕਰਵਾਈ ਜਾ ਰਹੀ ਇਸ ਲੀਗ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਨਸ਼ਾ ਵਿਰੋਧੀ ਮੁਹਿੰਮ ਨੂੰ ਵਿਸ਼ੇਸ਼ ਬਲ ਪ੍ਰਦਾਨ ਕਰਨਗੇ। ਇਸ ਮੌਕੇ ਡਾ: ਰਮਨ ਘਈ ਨੇ ਦੱਸਿਆ ਕਿ ਟੀ-20 ਫਾਰਮੈਟ 'ਤੇ ਕਰਵਾਈ ਜਾ ਰਹੀ ਇਸ ਕ੍ਰਿਕਟ ਲੀਗ 'ਚ ਸੋਨਾਲੀਕਾ-11 ਨੇ ਲਗਾਤਾਰ ਦੂਜੀ ਜਿੱਤ ਹਾਸਿਲ ਕੀਤੀ । ਡਾ: ਘਈ ਨੇ ਦੱਸਿਆ ਕਿ ਨਸ਼ਿਆਂ ਦੇ ਖਾਤਮੇ ਲਈ ਕਰਵਾਈ ਜਾ ਰਹੀ ਇਸ ਲੀਗ ਵਿੱਚ ਅਗਲੇ ਐਤਵਾਰ ਡੀ.ਸੀ.-11 ਅਤੇ ਕਾਰਪੋਰੇਸ਼ਨ-11 ਅਤੇ ਐਸ.ਐਸ.ਪੀ.-11 ਅਤੇ ਆਈ.ਐਮ.ਏ.-11 ਆਪੋ-ਆਪਣੇ ਮੈਚ ਖੇਡਣਗੇ। ਡਾ: ਘਈ ਨੇ ਦੱਸਿਆ ਕਿ ਅੱਜ ਖੇਡੇ ਗਏ ਮੈਚ ਵਿੱਚ ਸੋਨਾਲੀਕਾ-11 ਨੇ ਟਾਸ ਜਿੱਤ ਕੇ ਆਈਐਮਏ-11 ਨੂੰ ਪਹਿਲਾਂ ਬੱਲੇਬਾਜ਼ੀ ਕਰਨ ਦਾ ਸੱਦਾ ਦਿੱਤਾ। ਆਈਐਮਏ-11 ਦੀ ਪੂਰੀ ਟੀਮ 19.9 ਓਵਰਾਂ ਵਿੱਚ 101 ਦੌੜਾਂ 'ਤੇ ਆਲ ਆਊਟ ਹੋ ਗਈ। ਜਿਸ ਵਿੱਚ ਸੁਮਿਤ ਰਾਮਪਾਲ ਨੇ 19 ਦੌੜਾਂ ਦਾ ਯੋਗਦਾਨ ਪਾਇਆ। ਸੋਨਾਲੀਕਾ ਵੱਲੋਂ ਗੇਂਦਬਾਜ਼ੀ ਕਰਦਿਆਂ ਅੰਕੁਸ਼ ਨੇ 3 ਵਿਕਟਾਂ, ਨੰਦਨ ਰਘੂਵੰਸ਼ੀ ਨੇ 2 ਵਿਕਟਾਂ, ਕਪਤਾਨ ਵਿਸ਼ਾਲ ਪਟਿਆਲ ਨੇ 2 ਵਿਕਟਾਂ ਹਾਸਲ ਕੀਤੀਆਂ । ਟੀਚੇ ਦਾ ਪਿੱਛਾ ਕਰਦਿਆਂ ਸੋਨਾਲੀਕਾ ਦੀ ਟੀਮ ਨੇ 16.4 ਓਵਰਾਂ ਵਿੱਚ 102 ਦੌੜਾਂ ਬਣਾ ਕੇ ਆਪਣੀ ਦੂਜੀ ਜਿੱਤ ਦਰਜ ਕੀਤੀ। ਜਿਸ 'ਚ ਰਾਹੁਲ ਨੇ ਅਜੇਤੂ 33 ਦੌੜਾਂ ਦਾ ਯੋਗਦਾਨ ਦਿੱਤਾ। IMA-11 ਲਈ ਗੇਂਦਬਾਜ਼ੀ ਕਰਦੇ ਹੋਏ ਨਰਿੰਦਰ ਨੇ 2 ਵਿਕਟਾਂ ਲਈਆਂ। ਇਸ ਮੈਚ ਵਿੱਚ ਅੰਕੁਸ਼ ਮੈਨ ਆਫ਼ ਦਾ ਮੈਚ ਰਿਹਾ। ਇਸ ਮੌਕੇ ਵਿਵੇਕ ਸਾਹਨੀ, ਡਾ: ਪੰਕਜ ਸ਼ਿਵ, ਠਾਕੁਰ ਜੋਗਰਾਜ, ਮਨੋਜ ਓਹਰੀ, ਆਦਰਸ਼ ਸੇਠੀ, ਜਤਿੰਦਰ ਸੂਦ, ਸੁਭਾਸ਼ ਸ਼ਰਮਾ, ਜ਼ਿਲ੍ਹਾ ਕੋਚ ਦਲਜੀਤ ਸਿੰਘ, ਜ਼ਿਲ੍ਹਾ ਟਰੇਨਰ ਕੁਲਦੀਪ ਧਾਮੀ, ਜ਼ਿਲ੍ਹਾ ਮਹਿਲਾ ਕੋਚ ਦਵਿੰਦਰ ਕਲਿਆਣ, ਕੋਚ ਦਲਜੀਤ ਧੀਮਾਨ, ਮਦਨ ਸਿੰਘ ਡਡਵਾਲ, ਐਚ.ਡੀ.ਸੀ.ਏ. ਰਾਮਜੀਤ ਸ਼ਰਮਾ, ਡੀ.ਡੀ.ਸੀ.ਏ ਰਾਮਜੀਤ ਸ਼ਰਮਾ ਆਦਿ ਹਾਜ਼ਰ ਸਨ। ਇਸ ਮੈਚ ਵਿੱਚ ਕੁਮੈਂਟਰੀ ਦੀ ਭੂਮਿਕਾ ਸਾਬਕਾ ਰਾਸ਼ਟਰੀ ਕ੍ਰਿਕਟਰ ਅਤੇ ਜ਼ਿਲ੍ਹਾ ਟਰੇਨਰ ਕੁਲਦੀਪ ਧਾਮੀ ਨੇ ਬਹੁਤ ਵਧੀਆ ਢੰਗ ਨਾਲ ਨਿਭਾਈ। ਇਸ ਦੌਰਾਨ ਟੂਰਨਾਮੈਂਟ ਕਮੇਟੀ ਦੇ ਮੈਂਬਰਾਂ ਨੇ ਮੈਚ ਦਾ ਸਕੋਰ ਆਨਲਾਈਨ ਕਰਨ ਦੀ ਭੂਮਿਕਾ ਨਿਭਾਈ।

**ਫੋਟੋ ਅਜਮੇਰ ਦੀਵਾਨਾ**

# ਪਿੰਡ ਢੰਡੂਹਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਦੀਆਂ ਖੁਸ਼ੀਆਂ ਵਿੱਚ ਨਗਰ ਕੀਰਤਨ ਸਜਾਇਆ ਗਿਆ





**ਬੰਗਾ (ਚਰਨਜੀਤ ਸੱਲ੍ਹਾ )** ਪਿੰਡ ਢੰਡੂਹਾ ਦੀਆਂ ਸੰਗਤਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਦੀਆਂ ਖੁਸ਼ੀਆਂ ਵਿੱਚ ਨਗਰ ਕੀਰਤਨ ਸਜਾਇਆ ਗਿਆ ਜ਼ੋ ਕਿ ਸਾਰੇ ਨਗਰ ਦੀ ਪ੍ਰਕੰਰਿਮਾ ਕਰਦਾ ਹੋਇਆ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ ਜਿਸ ਵਿੱਚ ਸਾਧੂ ਸੰਪਰਦਾਇ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਭਰੋ ਮਜਾਰਾ ਜੀ ਸ਼ਾਮਲ ਹੋਏ। ਇਸ ਮੌਕੇ ਤੇ ਹੰਸ ਰਾਜ ਬੰਗਾ ਚੇਅਰਮੈਨ ਕਾਂਸ਼ੀ ਟੀ ਵੀ, ਕਮਲਜੀਤ ਬੰਗਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਬਲਵੀਰ ਸਿਘ ਸਾਬਕਾ ਸਰਪੰਚ ਲਾਦੀਆ, ਮਨਜੀਤ ਕੁਮਾਰ ਸਰਪੰਚ, ਹਰਪ੍ਰੀਤ ਕੁਮਾਰ ਲਾਦੀਆ , ਸੋਹਣ ਲਾਲ, ਹਰਵਿੰਦਰ ਕੁਮਾਰ ਰਾਜੂ, ਰਛਪਾਲ ਸਿੰਘ, ਸੁਖਵਿੰਦਰ ਪਾਲ ਸਿੰਘ,ਭਾਈ ਅਮਰਜੀਤ ਸਿੰਘ ਹੈੱਡ ਗ੍ਰੰਥੀ ਮੱਲੂਪੋਤਾ, ਪਰਮਜੀਤ ਪੰਮਾ, ਪ੍ਰਿਤਪਾਲ ਸਿੰਘ, ਬਲਵਿੰਦਰ ਸਿੰਘ, ਹਰਮਨਜੀਤ ਸਿੰਘ ਨੰਬਰਦਾਰ ਸਮਾਜਿਕ ਸਮਾਨਤਾ ਸੰਗਠਨ ਸਕੱਤਰ ਅਤੇ ਠਾਠਾਂ ਮਾਰਦਾ ਸੰਗਤਾਂ ਦਾ ਵਿਸ਼ਾਲ ਇਕੱਠ ਹਾਜ਼ਰ ਸੀ।

# ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਪਿੰਡ ਬਲਾਲਾ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ

ਅੱਜ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਲਾਕ ਸਮਰ-ਾਲਾ ਵੱਲੋਂ ਡਾ ਗੁਰਦੀਪ ਸਿੰਘ ਮੁੱਖ ਖੇਤੀਬਾੜੀ ਅਫਸਰ ਲੁਧਿਆਣਾ ਜੀ ਦੇ ਦਿਸ਼ਾ ਨਿਰਦੇਸ਼ ਅਤੇ ਡਾ ਗੌਰਵ ਧੀਰ ਖੇਤੀਬਾੜੀ ਅਫਸਰ, ਸਮਰਾਲਾ ਜੀ ਦੀ ਅਗਵਾਈ ਹੇਠ ਕਿਸਾਨ ਜਾਗਰੂਕਤਾ ਕੈਂਪ ਪਿੰਡ ਬਲਾਲਾ ਵਿਖੇ ਲਗਾਇਆ ਗਿਆ। ਇਸ ਕੈਂਪ ਦੌਰਾਨ ਕਿਸਾਨ ਵੀਰਾਂ ਨੂੰ ਸੰਬੋਧਿਤ ਕਰਦੇ ਹੋਏ ਸੰਦੀਪ ਸਿੰਘ ਖੇਤੀਬਾੜੀ ਵਿਕਾਸ ਅਫਸਰ ਸਮਰਾਲਾ ਜੀ ਨੇ ਕਿਹਾ ਕਿ ਕਿਸਾਨ ਵੀਰ ਬਹਾਰ ਰੁੱਤ ਦੀ ਮੱਕੀ ਦੇ ਵਿੱਚ ਕੀੜਿਆਂ ਮਕੌੜਿਆਂ ਦੀ ਰੋਕਥਾਮ ਦੇ ਲਈ ਸਰਬਪੱਖੀ ਕੀੜ ਪ੍ਰਬੰਧ ਅਤੇ ਖਾਦਾਂ ਦੀ ਸੁਚੱਜੀ ਵਰਤੋਂ ਤੇ ਧਿਆਨ ਦੇਣਾ। ਉਹਨਾਂ ਨੇ ਕਿਸਾਨ ਵੀਰਾਂ ਨੂੰ ਫਾਲ ਆਰਮੀ ਵਾਰਮ ਸੁੰਡੀ ਦੀ ਰੋਕਥਾਮ ਦੇ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਿਫਾਰਿਸ਼ ਕੀਟਨਾਸ਼ਕ ਜਹਿਰਾਂ ਬਾਰੇ ਵਿਸਥਾਰ ਦੇ ਵਿੱਚ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਕਿਸਾਨ ਵੀਰ ਸੱਠੀ ਮੂੰਗੀ ਦੀ ਕਾਸਤ ਨੂੰ ਆਉਂਦੇ ਸਮੇਂ ਦੇ ਵਿੱਚ ਪਹਿਲ ਦੇਣ ਤਾਂ ਜੋ ਮਿੱਟੀ ਦੀ ਉਪਜਾਊ ਸ਼ਕਤੀ ਨੂੰ




ਵਧਾਇਆ ਜਾ ਸਕੇ ਲ।ਉਹਨਾਂ ਨੇ ਕਿਹਾ ਕਿ ਸੱਠੀ ਮੂੰਗੀ ਦੀ ਕਾਸ਼ਤ ਦੇ ਲਈ ਢੁਕਵਾਂ ਸਮਾਂ 20 ਮਾਰਚ ਤੋਂ 10 ਅਪ੍ਰੈਲ ਹੈ। ਉਨਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਕਿਸਮਾਂ ਐਸਐਮਐਲ 1827, ਐਸਐਮਐਲ 668 ਅਤੇ ਐਸਐਮਐਲ 832 ਦੇ ਬਾਰੇ ਵਿਸਥਾਰ ਦੇ ਵਿੱਚ ਜਾਣਕਾਰੀ ਦਿੱਤੀ। ਅਖੀਰ ਦੇ ਵਿੱਚ ਉਹਨਾਂ ਹਾਜ਼ਰ ਕਿਸਾਨ ਵੀਰਾਂ ਦਾ ਕੈਂਪ ਦੇ ਵਿੱਚ ਆਉਣ ਦੇ ਲਈ ਧੰਨਵਾਦ ਆਖਿਆ। ਇਸ ਮੌਕੇ ਖੇਤੀਬਾੜੀ ਵਿਭਾਗ ਵੱਲੋਂ ਮੁਲ-ਾਜ਼ਮ ਹਾਜ਼ਰ ਸਨ। ਕਿਸਾਨ ਵੀਰਾਂ ਦੇ ਵਿੱਚੋਂ ਸਰਬਜੀਤ ਸਿੰਘ, ਬਲਵਿੰਦਰ ਸਿੰਘ, ਬਲਦੇਵ ਸਿੰਘ, ਕੁਲਦੀਪ ਸਿੰਘ, ਬਲਵੀਰ ਸਿੰਘ, ਸੰਦੀਪ ਸਿੰਘ, ਹਰਨੇਕ ਸਿੰਘ, ਸੱਜਣ ਸਿੰਘ,ਬਲਪ੍ਰੀਤ ਸਿੰਘ, ਸਤਵਿੰਦਰ ਸਿੰਘ ਸਿਮਰਨਜੋਤ ਸਿੰਘ ਹਰਮਨਜੀਤ ਸਿੰਘ ਲਖਵੀਰ ਸਿੰਘ ਆਦਿ ਕਿਸਾਨ ਵੀਰ ਹਾਜ਼ਰ ਸਨ।

**Sandeep iSngh ADO PAU,LUDHIANA M A N A G E HYDRABAD**

# ਸਾਹਿਤ ਸਮਾਜ

25/02/2025

## ਹਾਸ ਵਿਅੰਗ/ ਗਲਤੀ ਬਿਲਕੁਲ ਨਾ ਮੰਨਣਾ

ਇਹ ਆਦਮੀ ਦੀ ਫਿਤਰਤ ਹੈ ਕਿ ਉਹ ਗਲਤੀਆਂ ਤੋਂ ਗਲਤੀਆਂ ਕਰਦਾ ਰਹਿੰਦਾ ਹੈ। ਕੁਝ ਲੋਕ ਤਾਂ ਗਲਤੀਆਂ ਦਾ ਹੂਬਹੂ ਪੁਤਲਾ ਹੀ ਹੁੰਦੇ ਹਨ। ਗਲਤੀਆਂ ਤੋਂ ਬਾਅਦ ਫਿਰ ਗਲਤੀਆਂ ਕਰਦੇ ਨੇ। ਕੁਝ ਲੋਕ ਗਲਤੀਆਂ ਕਰਦੇ ਨੇ ਅਤੇ ਆਪਣੀ ਗਲਤੀਆਂ ਤੋਂ ਕੋਈ ਸਬਕ ਸਿੱਖਦੇ ਨੇ ਅਤੇ ਗਲਤੀਆਂ ਵਿੱਚ ਸੁਧਾਰ ਕਰਦੇ ਹਨ। ਅਸੀਂ ਛੋਟੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਾਉਂਦੇ ਹਾਂ, ਉੱਥੇ ਪੜਨਾ, ਲਿਖਣਾ ਅਤੇ ਸਬਕ ਯਾਦ ਕਰਨਾ ਸਿਖਾਇਆ ਜਾਂਦਾ ਹੈ। ਇਹ ਸਭ ਕੁਝ ਕਰਦੇ ਹੋਏ ਆਮ ਤੌਰ ਤੇ ਬੱਚੇ ਗਲਤੀਆਂ ਤਾਂ ਕਰਦੇ ਹੀ ਹਨ। ਇਹਨਾਂ ਗਲਤੀਆਂ ਨੂੰ ਦੂਰ ਕਰਨ ਵਿੱਚ ਉਹਨਾਂ ਦੇ ਅਧਿਆਪਕ ਅਤੇ ਮਾਤਾ ਪਿਤਾ ਉਹਨਾਂ ਦੀ ਮਦਦ ਕਰਦੇ ਹਨ। ਅਸੀਂ ਵੀ ਆਪਣੀ ਰੋਜ ਦੀ ਜ਼ਿੰਦਗੀ ਵਿੱਚ ਕਦੇ ਨਾ ਕਦੇ ਕੋਈ ਨਾ ਕੋਈ ਗਲਤੀ ਜਰੂਰ ਕਰਦੇ ਹਾਂ। ਗਲਤੀਆਂ ਕਰਨ ਤੇ ਸਾਡੀ ਕਈ ਵਾਰ ਬਦਨਾਮੀ ਹੁੰਦੀ ਹੈ, ਜਗ ਹਸਾਈ ਹੁੰਦੀ ਹੈ ਅਤੇ ਕਈ ਵਾਰ ਸ਼ਰਮਿੰਦਗੀ ਵੀ ਹੁੰਦੀ ਹੈ। ਕਈ ਵਾਰ ਨੌਕਰੀ ਪੇਸ਼ਾ ਲੋਕ ਗਲਤੀ ਕਰਨ ਤੇ ਆਪਣੀ ਨੌਕਰੀ ਤੋਂ ਕੱਢ ਦਿੱਤੇ ਜਾਂਦੇ ਹਨ। ਵਾਰ ਵਾਰ ਗਲਤੀ ਕਰਨ ਵਾਲੇ ਅਤੇ ਨਾ ਸੁਧਾਰਨ ਵਾਲੇ ਬੰਦੇ ਨੂੰ ਆਮ ਤੌਰ ਤੇ ਨਾਲਾਇਕ ਹੀ ਕਿਹਾ ਜਾਂਦਾ ਹੈ। ਜੇਕਰ ਕੋਈ ਬੰਦਾ ਇਹ ਕਹੇ ਕਿ ਉਹ ਤਾਂ ਕਦੇ ਗਲਤੀ ਕਰਦਾ ਹੀ ਨਹੀਂ ਤਾਂ ਤੁਹਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹ ਦੁਨੀਆ ਦਾ ਸਭ ਤੋਂ ਵੱਡਾ ਬੇਵਕੂਫ ਆਦਮੀ ਹੈ ਅਤੇ ਲੋਕਾਂ ਨੂੰ ਧੋਖਾ ਦੇ ਰਿਹਾ ਹੈ ਕਿਉਂਕਿ ਪਰਮਾਤਮਾ ਨੇ ਕਿਸੇ ਨੂੰ ਪੂਰਨ ਪੁਰਖ ਨਹੀਂ ਬਣਾਇਆ ਕੋਈ ਨਾ ਕੋਈ ਕਮੀ ਸਭ ਵਿੱਚ ਦੇਖਣ ਨੂੰ ਮਿਲਦੀ ਹੈ। ਅੰਗਰੇਜ਼ੀ ਦੇ ਮਸ਼ਹੂਰ ਲੇਖਕ ਸ਼ਕਸਪੀਅਰ ਨੇ ਕਿਹਾ ਹੈ ਕਿ ਠੋ ਏਰਰਿ ਸ ਹੁਮਓਨ ਅਰਥਾਤ ਆਦਮੀ ਗਲਤੀਆਂ ਦਾ ਪੁਤਲਾ ਹੈ। ਗਲਤੀ ਕਰਨਾ ਉਸ ਦੀ ਫਿਤਰਤ ਹੈ। ਲੇਕਿਨ ਗੱਲ ਤਾਂ ਉਦੋਂ ਵਿਗੜਦੀ ਹੈ ਜਦੋਂ ਕੋਈ ਬੰਦਾ ਗਲਤੀ ਤਾਂ ਕਰੇ ਪਰ ਉਸ ਨੂੰ ਮੰਨਣ ਨੂੰ ਬਿਲਕੁਲ ਤਿਆਰ ਨਾ ਹੋਵੇ। ਆਪਣੀ ਗਲਤੀ ਨੂੰ ਲੈ ਕੇ ਉਹ ਸੋਚੇ ਕਿ ਲੋਕ ਉਹਦੇ ਬਾਰੇ ਕੀ ਕਹਿਣਗੇ। ਅਜਿਹੇ ਹਾਲਾਤ ਵਿੱਚ ਤਾਂ,,, ਚੋਰ ਵੀ ਅਤੇ ਚਤੁਰਾਈ ਵੀ,,, ਵਾਲੀ ਗੱਲ ਹੋ ਜਾਂਦੀ ਹੈ। ਅਜਿਹੇ ਬੰਦੇ ਨੂੰ ਕੌਣ ਸਹਿਨ ਕਰੇਗਾ। ਉਂਝ ਤਾਂ ਨੈਤਿਕਤਾ ਦਾ ਤਕਾਜਾ ਹੈ ਕਿ ਆਦਮੀ ਜੇਕਰ ਗਲਤੀ ਮੰਨ ਲਏ ਤਾਂ ਉਹ ਅੱਗੇ ਨੂੰ ਹੋਣ ਵਾਲੇ ਪਾਪ ਤੋਂ ਬਚ ਜਾਂਦਾ ਹੈ। ਇਸਾਈ ਧਰਮ ਦੇ ਮੁਤਾਬਿਕ ਜੇਕਰ ਕਿਸੇ ਬੰਦੇ ਤੋਂ ਕੋਈ ਗਲਤੀ ਹੋ ਜਾਏ ਅਤੇ ਉਹ ਚਰਚ ਵਿੱਚ ਜਾ ਕੇ ਈਸਾ ਮਸੀਹ ਅੱਗੇ ਸਿਰ ਝੁਕਾ ਕੇ ਆਪਣੀ ਗਲਤੀ ਮੰਨ ਲਵੇ ਅਤੇ ਅੱਗੇ ਨੂੰ ਅਜਿਹੀ ਗਲਤੀ ਨਾ ਕਰਨ ਦਾ ਵਾਇਦਾ ਕਰੇ ਅਤੇ ਗਲਤੀ ਤੋਂ ਤੌਬਾ ਕਰੇ ਤਾਂ ਪਰਮਾਤਮਾ ਉਸਨੂੰ ਮਾਫ ਕਰ ਦਿੰਦਾ ਹੈ। ਹਿੰਦੂ ਧਰਮ ਦੇ ਮੁਤਾਬਿਕ ਜੇਕਰ ਕੋਈ ਬੰਦਾ ਗਲਤੀ ਕਰਦਾ ਹੈ ਜਾਂ ਉਸ ਤੋਂ ਕੋਈ ਪਾਪ ਹੋ ਜਾਂਦਾ ਹੈ ਤਾਂ ਉਹ ਹਰਿਦੁਆਰ ਵਿੱਚ ਜਾ ਕੇ ਗੰਗਾ ਵਿੱਚ ਡੁੱਬਕੀ ਲਗਾਏ ਤਾਂ ਉਸਦੇ ਪਾਪ ਧੋਏ ਜਾਂਦੇ ਨੇ। ਲੇਕਿਨ ਸਾਵਧਾਨ! ਜੇਕਰ ਕੋਈ ਬੰਦਾ ਆਪਣਾ ਕਸੂਰ ਸਾਰਵਜਨਿਕ ਤੌਰ ਤੇ ਮੰਨ ਲੈਂਦਾ ਹੈ ਤਾਂ ਜਾਲਮ ਦੁਨੀਆ ਉਸ ਨੂੰ ਕਦੇ ਨਹੀਂ ਛੱਡਦੀ, ਕਦੇ ਨਹੀਂ ਬਖਸ਼ਦੀ। ਤੁਸੀਂ ਪੁਲਿਸ ਵਾਲਿਆਂ ਬਾਰੇ ਸੁਣਿਆ ਹੋਏਗਾ। ਪਹਿਲਾਂ ਤਾਂ ਉਹ ਕਿਸੇ ਮੁਲਜਮ ਤੋਂ ਜਿਵੇਂ ਕਿਵੇਂ ਉਸ ਦੀ ਗਲਤੀ ਮਨਵਾ ਲੈਂਦੇ ਨੇ ਅਤੇ ਬਾਅਦ ਵਿੱਚ ਕੋਰਟ ਕਚਹਿਰੀ ਵਿੱਚ ਉਸ ਨੂੰ ਸਜ਼ਾ ਮਿਲਦੀ ਹੈ। ਇਹੀ ਕਾਰਨ ਹੈ ਕਿ ਪੁਲਿਸ ਵਾਲੇ ਕਿਸੇ ਮੁਲਜਮ ਨੂੰ ਕਿੰਨਾ ਮਰਜ਼ੀ ਕੁੱਟ ਲੈਣ ਉਹ ਆਪਣੀ ਗਲਤੀ ਕਦੇ ਨਹੀਂ ਮੰਨਦਾ ਅਤੇ ਜੇਕਰ ਪੁਲਿਸ ਦੀ ਮਾਰ ਕੁੱਟ ਤੋਂ ਬਚਣ ਵਾਸਤੇ ਗਲਤੀ ਮੰਨ ਵੀ ਲਏ ਤਾਂ ਕੋਰਟ ਕਚਹਿਰੀ ਵਿੱਚ ਜਾ ਕੇ ਉਹ ਮੁੱਕਰ ਜਾਂਦਾ ਅਤੇ ਕਹਿੰਦਾ ਕਿ ਪੁਲਿਸ ਵਾਲਿਆਂ ਨੇ ਜਬਰਦਸਤੀ ਉਹਦੇ ਕੋਲੋਂ ਗਲਤੀ ਮਨਵਾਈ ਹੈ। ਅਸਲ ਵਿੱਚ ਤਾਂ ਉਹ ਬਿਲਕੁਲ ਬੇਕਸੂਰ ਹੈ। ਅਮਿਤਾਭ ਬੱਚਨ ਦੀ ਇੱਕ ਫਿਲਮ ਵਿੱਚ ਉਸ ਦੀ ਬਾਂਹ ਤੇ ਲਿਖ ਦਿੱਤਾ ਜਾਂਦਾ ਹੈ,,, ਮੇਰਾ ਬਾਪ ਚੋਰ ਹੈ,,,। ਦੁਨੀਆ ਖੁਦ ਤਾਂ ਗਲਤੀ ਕਰਕੇ ਮਾਫ ਕੀਤੇ ਜਾਣ ਦੀ ਉਮੀਦ ਕਰਦੀ ਹੈ ਲੇਕਿਨ ਜੇਕਰ ਕੋਈ ਦੂਜਾ ਗਲਤੀ ਕਰਕੇ ਸ਼ਿਕੰਜੇ ਵਿੱਚ ਫਸ ਜਾਏ ਤਾਂ ਉਹਦੇ ਵਾਸਤੇ ਮਾਫੀ ਕਾਹਦੀ। ਸਸ ਅਤੇ ਨੂਹ, ਨਨਾਣ ਅਤੇ ਭਰਜਾਈ, ਪਿਓ ਅਤੇ ਪੁੱਤਰ ਆਦੀ ਵਿੱਚ ਲੜਾਈ ਝਗੜੇ ਹੋਣੇ ਇਕ ਆਮ ਗੱਲ ਹੈ। ਗੱਲ ਸਾਫ ਹੈ ਕਿ ਤਾੜੀ ਦੋਵਾਂ ਹੱਥਾਂ ਨਾਲ ਵੱਜਦੀ ਹੈ। ਲੇਕਿਨ ਜੇ ਕਰ ਇੱਕ ਹੱਥ ਕਹੇ ਕਿ ਮੇਰਾ ਤਾਂ ਇਹਦੇ ਵਿੱਚ ਕੋਈ ਹਿੱਸਾ ਨਹੀਂ ਤਾਂ ਕੌਣ ਮੰਨੇਗਾ। ਇਹੀ ਗੱਲ ਅੱਜ ਕੱਲ ਦੁਨੀਆਂ ਵਿੱਚ ਹੋ ਰਹੀ ਹੈ ਕੋਈ ਵੀ ਗਲਤੀ ਕਰਕੇ ਮੰਨਣ ਨੂੰ ਤਿਆਰ ਨਹੀਂ। ਜੇਕਰ ਕਸੂਰਵਾਰ ਕਿਸੇ ਬੰਦੇ ਨੂੰ ਫਾਹੇ ਤੇ ਵੀ ਟੰਗਿਆ ਜਾ ਰਿਹਾ ਹੋਵੇ ਅਤੇ ਉਹਨੂੰ ਆਖਰੀ ਸਾਹ ਤੱਕ ਪੁੱਛਿਆ ਜਾਏ ਕਿ ਸੱਚਾਈ ਦਸ ਦੇ ਤਾਂ ਉਹ ਫਿਰ ਵੀ ਆਪਣੀ ਗਲਤੀ ਨਹੀਂ ਮੰਨੇਗਾ। ਆਮ ਤੌਰ ਤੇ ਲੋਕੀ ਗਲਤੀ ਕਰਕੇ ਮੰਨਣ ਦੇ ਬਦਲੇ ਉਹਦਾ ਦੋਸ਼ ਦੂਜੇ ਤੇ ਮੜਕੇ ਸਾਫ ਬਚਣ ਦੀ ਕੋਸ਼ਿਸ਼ ਕਰਦੇ ਹਨ। ਲੋਕਾਂ ਵਿੱਚ ਇਹ ਗੱਲ ਆਮ ਹੈ,,,, ਮੇਰੇ ਕੋਲ ਗਲਤੀ ਹੋ ਨਹੀਂ ਸਕਦੀ, ਜੇ ਹੋ ਜਾਏ ਤਾਂ ਇਹ ਮੇਰਾ ਕਸੂਰ ਹੈ ਹੀ ਨਹੀਂ, ਦੂਜਾ ਬੰਦਾ ਮੈਨੂੰ ਐਵੇਂ ਹੀ ਫਸਾ ਰਿਹਾ ਹੈ,, ਇਸੇ ਕਰਕੇ ਲੋਕ ਆਪਣੀ ਗਲਤੀ ਨਹੀਂ ਮੰਨਦੇ। ਪਾਪ ਪੁੰਨ ਵਾਲੀ ਗੱਲ ਤਾਂ ਉਹਨਾਂ ਨੂੰ ਸਮਝ ਵਿੱਚ ਆਉਂਦੀ ਨਹੀਂ। 1947 ਤੋਂ ਲੈ ਕੇ ਅੱਜ ਤੱਕ ਕਸ਼ਮੀਰ ਦੇ ਮਸਲੇ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਿੰਨ ਯੁੱਧ ਹੋ ਚੁੱਕੇ ਹਨ, ਪਾਕਿਸਤਾਨ ਅੱਤਵਾਦੀਆਂ ਨੂੰ ਟਰੇਨਿੰਗ ਦੇ ਕੇ ਜੰਮੂ ਕਸ਼ਮੀਰ ਅਤੇ ਭਾਰਤ ਦੇ ਹੋਰ ਹਿੱਸਿਆਂ ਵਿੱਚ ਹਿੰਸਾ ਕਰਵਾਉਂਦਾ ਰਿਹਾ ਹੈ, ਜੰਮੂ ਕਸ਼ਮੀਰ ਦੇ ਲੋਕਾਂ ਨੂੰ ਭਾਰਤ ਦੇ ਵਿਰੁੱਧ ਉਕਸਾਦਾ ਰਹਿੰਦਾ ਹੈ, ਭਾਰਤ ਨੇ ਕਈ ਵਾਰ ਇਸ ਗੱਲ ਨੂੰ ਅੰਤਰਰਾਸ਼ਟਰੀ ਪਰੇਟ ਫਾਰਮਾਂ ਤੇ ਉਠਾਉਣ ਦੀ ਕੋਸ਼ਿਸ਼ ਕੀਤੀ ਹੈ ਲੇਕਿਨ ਬੇਸ਼ਰਮ ਪਾਕਿਸਤਾਨ ਹੈ ਉਹ ਇਹ ਮੰਨਦਾ ਹੀ ਨਹੀਂ ਕਿ ਕਿਸੇ ਤਰੀਕੇ ਨਾਲ ਉਸ ਦਾ ਦੋਸ਼ ਹੈ। ਭਾਰਤ ਦੇ ਖਿਲਾਫ ਵੱਖ-ਵੱਖ ਕਾਰਵਾਈਆਂ ਕਰਨ ਕਾਰਣ ਉਸ ਦੀ ਆਰਥਿਕਤਾ ਤਬਾਹ ਹੋ ਗਈ ਹੈ, ਦੁਨੀਆਂ ਦਾ ਕੋਈ ਮੁਲਕ ਉਸ ਤੇ ਅੱਤਵਾਦੀ ਲੋਕਾਂ ਨੂੰ ਟ੍ਰੇਨਿੰਗ ਦੇਣ ਵਾਸਤੇ ਦੋਸ਼ ਲਗਾ ਕੇ ਵਿਸ਼ਵਾਸ ਨਹੀਂ ਕਰਦਾ ਲੇਕਿਨ ਪਾਕਿਸਤਾਨ ਹੈ ਆਪਣੀ ਗਲਤੀ ਮੰਨਦਾ ਹੀ ਨਹੀਂ। ਉਲਟਾ ਹਰ ਮਾਮਲੇ ਵਿੱਚ ਭਾਰਤ ਨੂੰ ਹੀ ਦੋਸ਼ੀ ਕਰਾਰ ਦਿੰਦਾ ਹੈ। ਸ਼ਾਬਾਸ਼! ਪਿਆਰਿਓ ਲੱਗੇ ਰਹੋ। ਗਲਤੀ ਨਾ ਮੰਨਣ ਵਾਲੇ ਦਾ ਜੋ ਹਾਲ ਹੁੰਦਾ ਹੈ ਉਹੀ ਪਾਕਿਸਤਾਨ ਦਾ ਹਾਲ ਹੋਏਗਾ। ਅੱਜ ਕੱਲ ਰੂਸ ਅਤੇ ਯੂਕਰੇਨ ਦਾ ਯੁੱਧ ਚੱਲ ਰਿਹਾ ਹੈ। ਇਸ ਯੁੱਧ ਦੇ ਲਈ ਦੋਵਾਂ ਦੇਸ਼ਾਂ ਵਿੱਚੋਂ ਕੋਈ ਵੀ ਇਹ ਨਹੀਂ ਮੰਨਦਾ ਕਿ ਇਸ ਦੀ ਗਲਤੀ ਕਰਕੇ ਇਹ ਯੁੱਧ ਹੋ ਰਿਹਾ ਹੈ। ਨਤੀਜਾ ਇਹ ਹੈ ਕਿ ਦੋਹਾਂ ਦੇਸ਼ਾਂ ਦਾ ਬਹੁਤ ਜਿਆਦਾ ਨੁਕਸਾਨ ਹੋ ਰਿਹਾ ਹੈ। ਲੇਕਿਨ ਗਲਤੀ ਮੰਨਣ ਵਾਸਤੇ ਕੋਈ ਦੇਸ਼ ਤਿਆਰ ਨਹੀਂ। ਇਹੀ ਗੱਲ ਇਸਰਾਈਲ ਅਤੇ ਅਰਬ ਮੁਲਕਾਂ ਵਿੱਚ ਚੱਲ ਰਹੇ ਯੁੱਧ ਬਾਰੇ ਵੀ ਕਹੀ ਜਾ ਸਕਦੀ ਹੈ। ਲੇਕਿਨ ਭਰਾਵੋ ਕੋਈ ਵੀ ਆਪਣੀ ਗਲਤੀ ਨਹੀਂ ਮਨਦਾ ਨਤੀਜਾ ਚਾਹੇ ਕੁਝ ਵੀ ਹੋਵੇ। ਸਾਡੇ ਆਪਣੇ ਦੇਸ਼ ਵਿੱਚ ਵੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਹਾਲਾਤ ਬਹੁਤ ਬਿਹਤਰ ਨਹੀਂ। ਸਾਰੇ ਰਾਜਨੀਤਿਕ ਦਲ ਵਿਗੜੇ ਹੋਏ ਹਾਲਾਤ ਲਈ ਇੱਕ ਦੂਜੇ ਤੇ ਦੋਸ਼ ਲਗਾ ਰਹੇ ਹਨ ਆਪਣਾ ਕਸੂਰ ਕੋਈ ਨਹੀਂ ਮੰਨਦਾ। ਜਦੋਂ ਕਿ ਸੱਚਾਈ ਇਹ ਹੈ ਕਿ ਹਕੂਮਤ ਕਰਦੇ ਸਮੇਂ ਕੋਈ ਨਾ ਕੋਈ ਗਲਤੀ ਹੋ ਹੀ ਜਾਂਦੀ ਹੈ। ਲੇਕਿਨ ਮੰਨਦੇ ਇਸ ਵਾਸਤੇ ਨਹੀਂ ਕਿ ਜੇ ਮੰਨਿਆ ਤਾਂ ਫਸ ਜਾਵਾਂਗੇ, ਵਿਰੋਧੀ ਦਲ ਵਾਲੇ ਇਸ ਦਾ ਰਾਜਨੀਤਿਕ ਫਾਇਦਾ ਉਠਾਣਗੇ। ਦੇਸ਼ ਵਿੱਚ ਬੇਕਾਰੀ ਹੈ, ਕੀਮਤਾਂ ਵਧ ਰਹੀਆਂ ਹਨ, ਲੋਕਾਂ ਵਿੱਚ ਆਪਸੀ ਮਤਭੇਦ ਹਨ, ਸੰਵਿਧਾਨ ਚੰਗੀ ਤਰ੍ਹਾਂ ਲਾਗੂ ਨਹੀਂ ਹੋ ਰਿਹਾ, ਪਾਰਲੀਮੈਂਟ ਠੀਕ ਕੰਮ ਨਹੀਂ ਕਰ ਰਹੀ, ਭਰਿਸ਼ਟਾਚਾਰ ਵਧ ਰਿਹਾ ਹੈ, ਅਮੀਰ ਹੋਰ ਅਮੀਰ ਹੋ ਰਹੇ ਹਨ ਅਤੇ ਗਰੀਬ ਹੋਰ ਗਰੀਬ ਹੋ ਰਹੇ ਹਨ। ਇਸ ਵਿੱਚ ਆਮ ਆਦਮੀ ਦਾ ਕੀ ਕਸੂਰ ਹੈ। ਕਸੂਰ ਤਾਂ ਹਕੂਮਤ ਚਲਾਉਣ ਵਾਲਿਆਂ ਦਾ ਹੈ। ਲੇਕਿਨ ਹਕੂਮਤ ਚਾਹੇ ਕਿਸੇ ਵੀ ਰਾਜਨੀਤਿਕ ਦਲ ਦੀ ਹੋਵੇ ਹਾਲਾਤ ਵਿਗੜਨ ਲਈ ਵਿਰੋਧੀ ਦਲ ਦੇ ਹੁਕਮਰਾਨ ਹੀ ਦੋਸ਼ੀ ਕਹੇ ਜਾਂਦੇ ਹਨ। ਕੋਈ ਵੀ ਆਪਣੀ ਗਲਤੀ ਨਹੀਂ ਮੰਨਦਾ। ਅੱਜ ਦੀ ਹਕੀਕਤ ਇਹੀ ਹੈ। ਜਦੋਂ ਸਾਰੇ ਪਾਸੇ ਇਹੀ ਕੁਝ ਹੋ ਰਿਹਾ ਹੈ ਫਿਰ ਮੇਰੇ ਪਿਆਰਿਓ ਤੁਸੀਂ ਵੀ ਲਾਈਨ ਵਿੱਚ ਲੱਗ ਜਾਓ ਰਾਜਾ ਹਰੀਸ਼ ਚੰਦਰ ਦੇ ਚੇਲੇ ਬਣ ਕੇ ਕਿਉਂ ਫਾਂਸੀ ਤੇ ਚੜਦੇ ਹੋ। ਤੁਸੀਂ ਵੀ ਜੇ ਬਚਣਾ ਹੋਵੇ ਤਾਂ ਆਪਣੀ ਗਲਤੀ ਕਦੇ ਨਾ ਮੰਨਣਾ। ਇਸੇ ਵਿੱਚ ਹੀ ਸੁੱਖ ਹੈ, ਇਹਦੇ ਵਿੱਚ ਹੀ ਬਚਾਓ ਹੈ, ਇਹਦੇ ਵਿੱਚ ਹੀ ਇੱਜਤ ਬਚੀ ਰਹਿ ਸਕਦੀ ਹੈ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 35 90 45**
**ਰੋਹਤਕ 12 40 01**

# ਕਿਸਾਨਾਂ ਦੀ ਖੁਸ਼ਹਾਲੀ ਦਾ ਪ੍ਰਤੀਕ : ਬਿਲਾਸਪੁਰ ਦਾ ਰਾਜ - ਪੱਧਰੀ ਨਲਵਾੜੀ ਮੇਲਾ

ਸਾਡੇ ਦੇਸ਼ ਦੇ ਮੇਲੇ - ਤਿਉਹਾਰ ਆਪਣੇ ਆਪ ਵਿੱਚ ਵਿਸ਼ੇਸ਼ ਮਹੱਤਤਾ ਰੱਖਦੇ ਹਨ। ਇਹ ਮੇਲੇ ਸਾਡੇ ਦੇਸ਼ ਦੀ ਸਮਾਜਿਕ , ਆਰਥਿਕ , ਭਾਈਚਾਰਕ , ਵਿਵਹਾਰਿਕ ਤੇ ਭੌਤਿਕ ਸਥਿਤੀ ਤੇ ਸਾਂਝੀਵਾਲਤਾ ਦਾ ਬਾਖੂਬੀ ਪ੍ਰਗਟਾਵਾ ਕਰਦੇ ਹਨ। ਮੇਲੇ ਖੁਸ਼ੀ , ਮੇਲ - ਜੋਲ , ਆਪਸੀ ਪਿਆਰ ਤੇ ਸਤਿਕਾਰ ਦੀ ਨੀਂਹ ਹਨ। ਸਾਡੇ ਦੇਸ਼ ਦੇ ਵਿਸ਼ਵ ਪ੍ਰਸਿੱਧ ਤੇ ਖਾਸ ਮਹੱਤਤਾ ਰੱਖਣ ਵਾਲੇ ਮੇਲਿਆਂ ਵਿੱਚੋਂ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਬਿਲਾਸਪੁਰ ਦਾ ਨਲਵਾੜੀ ਮੇਲਾ ਪੂਰੀ ਦੁਨੀਆ ਵਿੱਚ ਆਪਣੀ ਖਾਸ ਥਾਂ ਰੱਖਦਾ ਆਇਆ ਹੈ। " ਨਲਵਾੜੀ " ਸ਼ਬਦ ਤੋਂ ਭਾਵ ਹੈ : ਪਸ਼ੂਆਂ ਦੀ ਖ਼ਰੀਦੋ - ਫਰੋਖ਼ਤ। ਇਸ ਮੇਲੇ ਦਾ ਸੰਬੰਧ ਕਿਸਾਨਾਂ ਦੇ ਪਾਲਤੂ ਪਸ਼ੂਆਂ ਜਿਵੇਂ : ਬੈਲਾਂ ( ਬਲਦਾਂ ) , ਗਾਵਾਂ , ਊਠਾਂ , ਮੱਝਾਂ ਆਦਿ ਨੂੰ ਵੇਚਣ ਤੇ ਖਰੀਦਣ ਨਾਲ ਰਿਹਾ ਹੈ। ਬਿਲਾਸਪੁਰ ਦਾ ਇਹ ਮੇਲਾ ਲਗਭਗ 132 ਸਾਲ ਪੁਰਾਣਾ ਮੇਲਾ ਹੈ। ਆਧੁਨਿਕ ਭਾਰਤ ਦਾ ਮੰਦਿਰ ਅਖਵਾਉਣ ਵਾਲੇ ਵਿਸ਼ਵ ਪ੍ਰਸਿੱਧ ਭਾਖੜਾ ਡੈਮ ਦੇ ਨਿਰਮਾਣ ਤੋਂ ਪਹਿਲਾਂ ਇਹ ਮੇਲਾ ਬਿਲਾਸਪੁਰ ( ਹਿਮਾਚਲ ਪ੍ਰਦੇਸ਼ ) ਦੇ ਸਾਂਡੂ ਮੈਦਾਨ ਵਿੱਚ ਆਯੋਜਿਤ ਕੀਤਾ ਜਾਂਦਾ ਹੁੰਦਾ ਸੀ। ਭਾਖੜਾ ਡੈਮ ਦੇ ਨਿਰਮਾਣ ਦੇ ਨਾਲ ਹੀ ਬਿਲਾਸਪੁਰ ਦਾ ਇਤਿਹਾਸਿਕ ਨਗਰ ਗੋਬਿੰਦ ਸਾਗਰ ਝੀਲ ਵਿੱਚ ਜਲ - ਮਗਨ (ਸਮਾਹਿਤ ) ਹੋ ਗਿਆ ਤੇ ਹੁਣ ਲਗਭਗ ਪਿਛਲੇ 50 ਸਾਲਾਂ ਤੋਂ ਦੁਨੀਆਭਰ ਵਿੱਚ ਮਸ਼ਹੂਰ ਨਲਵਾੜੀ ਦਾ ਮੇਲਾ ਬਿਲਾਸਪੁਰ ਦੇ ਲੂਹਣੂ ਮੈਦਾਨ ਵਿੱਚ ਬਹੁਤ ਧੂਮਧਾਮ ਤੇ ਉਤਸ਼ਾਹ ਦੇ ਨਾਲ ਮਨਾਇਆ ਜਾਂਦਾ ਹੈ। ਇਸ ਮੇਲੇ ਦਾ ਆਰੰਭ ਮਾਰਚ ਮਹੀਨੇ ਦੇ ਅੱਧ ਦੇ ਕਰੀਬ ( ਚਾਰ ਪ੍ਰਵਿਸ਼ਟੇ ਚੈਤਰ ) ਨੂੰ ਹੁੰਦਾ ਹੈ ਅਤੇ ਇੱਕ ਹਫਤੇ ਤੱਕ ਇਹ ਮੇਲਾ ਆਪਣੀ ਰੌਣਕ ਖੂਬ ਵਖੇਰਦਾ ਹੈ। ਨਲਵਾੜੀ ਮੇਲੇ ਦਾ ਸ਼ੁਭ ਆਰੰਭ " ਖੂੰਟਾ ਗੱਡਣ " ਦੀ ਰਸਮ ਨਾਲ ਹੁੰਦਾ ਹੈ ਅਤੇ ਮੇਲੇ ਦੇ ਆਖਰੀ ਦਿਨ ਦੂਰੋਂ - ਦੂਰੋਂ ਆਏ ਪਹਿਲਵਾਨਾਂ ਦੇ ਅਖਾੜੇ /ਕੁਸ਼ਤੀ ਮੁਕਾਬਲੇ ਹੁੰਦੇ ਹਨ। ਸਥਾਨਕ ਲੋਕਾਂ ਤੇ ਜਾਣਕਾਰਾਂ ਦਾ ਕਹਿਣਾ ਹੈ ਕਿ 1892 ਇਸਵੀ ਵਿੱਚ ਇਸ ਮੇਲੇ ਦਾ ਵਪਾਰਕ ਤੌਰ 'ਤੇ ਆਰੰਭ ਹੋਇਆ ਤੇ ਕੁਸ਼ਤੀਆਂ ਤੇ ਪੇਂਡੂ / ਗ੍ਰਾਮੀਣ ਔਰਤਾਂ ਦੇ ਨਾਚ - ਗਾਣੇ ਇਸ ਮੇਲੇ ਦੀ ਖਾਸੀਅਤ ਰਹੇ ਹਨ। ਇਸ ਮੇਲੇ ਵਿੱਚ ਪੰਜਾਬ ਦੇ ਰੂਪਨਗਰ , ਪਟਿਆਲਾ , ਹੁਸ਼ਿਆਰਪੁਰ ਜਿਲ੍ਹਿਆਂ ਤੋਂ ਇਲਾਵਾ ਨਾਲਾਗੜ , ਬਿਲਾਸਪੁਰ ਦੇ ਦੂਰੋਂ - ਨੇੜਿਓਂ , ਅੰਬਾਲਾ, ਖੰਡੂਰ ਦੇ ਵਪਾਰੀ ਆਦਿ ਆਪਣੇ ਉੱਤਮ ਨਸਲ ਦੇ ਉੱਚੀ ਕੱਦ - ਕਾਠੀ ਵਾਲੇ ਬੈਲਾਂ ( ਬਲਦਾਂ ) ਨੂੰ ਇੱਥੇ ਵੇਚਣ ਲਈ ਲੈ ਕੇ ਆਉਂਦੇ ਹੁੰਦੇ ਸੀ ਅਤੇ ਕਾਂਗੜਾ , ਕਹਿਲੂਰ , ਮੰਡੀ ਸੁਕੇਤ ਆਦਿ ਦੇ ਕਿਸਾਨ ਇਹਨਾਂ ਉੱਚੇ ਕੱਦ - ਕਾਠੀ ਬੈਲਾਂ ਦੀ ਖਰੀਦਦਾਰੀ ਬੜੇ ਚਾਅ - ਉਤਸ਼ਾਹ ਤੇ ਖੁਸ਼ੀ ਨਾਲ ਕਰਦੇ ਹੁੰਦੇ ਸੀ। ਬਜ਼ੁਰਗਾਂ ਅਨੁਸਾਰ ਬਿਲਾਸਪੁਰ ਆਦਿ ਖੇਤਰ ਦੇ ਪਸ਼ੂ ਛੋਟੇ ਕੱਦ ਵਾਲੇ ਹੁੰਦੇ ਸਨ। ਜਦਕਿ ਹਰਿਆਣਾ ਤੇ ਪੰਜਾਬ ਦੇ ਪਸ਼ੂ ਉੱਚੇ ਕੱਦ - ਕਾਠ ਵਾਲੇ ਹੁੰਦੇ ਸਨ ਅਤੇ ਇਸੇ ਕਰਕੇ ਇਹਨਾਂ ਪਸ਼ੂਆਂ ਨੂੰ " ਨੀਲੇ ਪਸ਼ੂ " ਕਿਹਾ ਜਾਂਦਾ ਸੀ। ਬੱਸ ਇਨ੍ਹਾਂ ਨੀਲੇ ਪਸ਼ੂਆਂ ਦੇ ਮੇਲੇ ਦੇ ਕਾਰਨ ਹੀ ਇਸ ਮੇਲੇ ਦਾ ਨਾਂ " ਨਲਵਾੜੀ ਮੇਲਾ " ਪੈ ਗਿਆ। ਪੁਰਾਣੇ ਸਮੇਂ ਕਿਸਾਨ ਸਫੈਦ ਕੁਰਤੇ - ਪਜਾਮੇ ਆਦਿ ਪਾ ਕੇ ਤੇ ਪਗੜੀਆਂ ਪਹਿਣ ਕੇ ਤੇ ਆਪਣੇ ਬੈਲਾਂ ਨੂੰ ਖੂਬ ਸਜਾ ਕੇ ਨਲਵਾੜੀ ਮੇਲੇ ਵਿੱਚ ਲਿਆਉਂਦੇ ਹੁੰਦੇ ਸੀ। ਇਸ ਸਭ ਕੁਝ ਦੇ ਨਾਲ ਨਲਵਾੜੀ ਦੇ ਮੇਲੇ ਦੀ ਰੌਣਕ ਵਿੱਚ ਨਿਖਾਰ ਆ ਜਾਂਦਾ ਹੁੰਦਾ ਸੀ। ਬਲਦਾਂ ਤੋਂ ਇਲਾਵਾ ਹੋਰ ਪਸ਼ੂਆਂ ਦੀ ਵੀ ਖ਼ਰੀਦੋ - ਫਰੋਖ਼ਤ ਕੀਤੀ ਜਾਂਦੀ ਹੁੰਦੀ ਸੀ। ਮੇਲਾ ਕਮੇਟੀ ਵੱਲੋਂ ਉੱਤਮ ਨਸਲ ਦੇ ਪਸ਼ੂ - ਪਾਲਕਾਂ ਨੂੰ ਇਨਾਮ ਵੀ ਦਿੱਤੇ ਜਾਂਦੇ ਹੁੰਦੇ ਸੀ। ਨਲਵਾੜੀ ਮੇਲੇ ਦਾ ਸੰਬੰਧ ਸਿੱਧੇ ਤੌਰ 'ਤੇ ਬੈਲ ਤੇ ਬੇਰ ਫਲ ਨਾਲ ਰਿਹਾ ਹੈ ; ਕਿਉਂਕਿ ਪੰਜਾਬ ਤੇ ਹਰਿਆਣਾ ਵਿੱਚ ਬੇਰ ਦੀ ਪੈਦਾਵਾਰ ਕਾਫੀ



ਮਾਤਰਾ ਵਿੱਚ ਹੁੰਦੀ ਹੈ , ਸੋ ਨਲਵਾੜੀ ਮੇਲੇ ਵਿੱਚ ਕਿਸਾਨ ਤੇ ਵਪਾਰੀ ਆਦਿ ਵੇਚਣ ਲਈ ਬੇਰ ਵੀ ਲੈ ਕੇ ਆਉਂਦੇ ਹੁੰਦੇ ਸੀ। ਪੁਰਾਣੇ ਸਮਿਆਂ ਵਿੱਚ ਔਰਤਾਂ ਮੇਲੇ ਦੇ ਬੈਲਾਂ ( ਬਲਦਾਂ ) ਲਈ ਆਟੇ ਦੇ ਪੇੜੇ ਆਦਿ ਲੈ ਕੇ ਮੇਲੇ ਆਉਂਦੀਆਂ ਹੁੰਦੀਆਂ ਸਨ। ਕਿਸਾਨਾਂ , ਮਰਦਾਂ , ਔਰਤਾਂ ਤੇ ਬੱਚਿਆਂ ਸਭ ਵਿੱਚ ਨਲਵਾੜੀ ਮੇਲੇ ਪ੍ਰਤੀ ਬਹੁਤ ਉਤਸੁਕਤਾ ਤੇ ਉਮੰਗ ਰਹੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਸਮਾਨ ਦੀਆਂ ਦੁਕਾਨਾਂ , ਖੇਡ ਮੁਕਾਬਲਿਆਂ , ਕਲਾਕਾਰਾਂ ਦੇ ਪ੍ਰੋਗਰਾਮ , ਰਾਤ ਦੇ ਪ੍ਰੋਗਰਾਮ , ਸੰਸਕ੍ਰਿਤਿਕ ਪ੍ਰੋਗਰਾਮ , ਝੂਲੇ ਆਦਿ ਨਲਵਾੜੀ ਮੇਲੇ ਦੀ ਸ਼ੋਭਾ ਵਧਾਉਂਦੇ ਹਨ। ਪੁਰਾਣੇ ਸਮੇਂ ਤੋਂ ਲੈ ਕੇ ਹੁਣ ਤੱਕ ਬਿਲਾਸਪੁਰ ਦੇ ਲਕਸ਼ਮੀ ਨਰਾਇਣ ਮੰਦਿਰ ਤੋਂ ਲੂਹਣੂ ਮੈਦਾਨ ਦੇ ਨਲਵਾੜੀ ਦੇ ਮੇਲੇ ਤੱਕ ਸ਼ੋਭਾ - ਯਾਤਰਾ ਵੀ ਵਿਸ਼ੇਸ਼ ਰੂਪ ਵਿੱਚ ਕੱਢੀ ਜਾਂਦੀ ਹੈ। ਇਲਾਕੇ ਦੇ ਜਾਣਕਾਰਾਂ ਦੇ ਮੁਤਾਬਿਕ ਬਿਲਾਸਪੁਰ ਦਾ ਨਲਵਾੜੀ ਮੇਲਾ ਹੁਣ ਤੱਕ ਆਪਣੇ ਇਤਿਹਾਸ ਵਿੱਚ ਕੇਵਲ ਦੋ ਵਾਰ ਨਹੀਂ ਲੱਗਿਆ , ਪਹਿਲੀ ਵਾਰ ਜਦੋਂ 1946 ਵਿੱਚ ਕਹਿਲੂਰ ਦੇ ਰਾਜਾ ਅਨੰਦ ਚੰਦ ਦੇ ਸਮੇਂ ਸੁਤੰਤਰਤਾ ਸੰਗਰਾਮ ਹੋਇਆ ਅਤੇ ਦੂਸਰੀ ਵਾਰ 2020 ਵਿੱਚ ਜਦੋਂ ਵਿਸ਼ਵ ਪੱਧਰੀ ਕਰੋਨਾ ਮਹਾਂਮਾਰੀ ਨੇ ਪੈਰ ਪਸਾਰ ਲਏ। ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਮੇਲੇ ਨੂੰ 1985 ਵਿੱਚ ਸਰਕਾਰ ਨੇ ਰਾਜ - ਪੱਧਰੀ ਮੇਲਾ ਘੋਸ਼ਿਤ ਕੀਤਾ ਸੀ। ਪੁਰਾਤਨ ਰਾਜਿਆਂ ਨੇ ਸਮੇਂ - ਸਮੇਂ 'ਤੇ ਇਸ ਮੇਲੇ ਦੀ ਹਮਾਇਤ ਕੀਤੀ। ਪਰ ਸਮੇਂ ਦੇ ਬਦਲਣ ਦੇ ਨਾਲ - ਨਾਲ ਨਲਵਾੜੀ ਮੇਲੇ ਦੀ ਪੁਰਾਤਨ ਸਥਿਤੀ ਦੇ ਵਿੱਚ ਕਾਫੀ ਬਦਲਾਓ ਆਇਆ ਹੈ। ਟਰੈਕਟਰਾਂ ਤੇ ਹੋਰ ਵਿਗਿਆਨਿਕ ਔਜਾਰਾਂ ਦੀ ਖੇਤੀਬਾੜੀ ਦੇ ਧੰਦੇ ਵਿੱਚ ਵਰਤੋਂ ਵਧਣ ਨਾਲ ਹੁਣ ( ਬੈਲਾਂ ) ਬਲਦਾਂ ਦੀ ਰੌਣਕ ਤੇ ਹੋਂਦ ਤਕਰੀਬਨ ਖਤਮ ਹੀ ਹੋਣ ਕਿਨਾਰੇ ਹੀ ਹੈ। ਕੇਵਲ ਪਸ਼ੂ ਮੁਕਾਬਲਿਆਂ ਆਦਿ ਵਿੱਚ ਬਲ਼ਦ ਦੇਖਣ ਨੂੰ ਮਿਲਦੇ ਹਨ। ਬਜ਼ੁਰਗਾਂ ਤੇ ਜਾਣਕਾਰਾਂ ਦੇ ਅਨੁਸਾਰ ਕਦੇ ਨਲਵਾੜੀ ਮੇਲਾ ਬੰਦਿਆਂ ਨਾਲੋਂ ਪਸ਼ੂਆਂ ਨਾਲ ਵੱਧ ਭਰਿਆ ਹੋਇਆ ਹੁੰਦਾ ਸੀ , ਪਰ ਅੱਜ ਆਧੁਨਿਕਤਾ ਨੇ ਇਸ ਮੇਲੇ ਦੀ ਅਸਲ ਹੋਂਦ ਖਤਮ ਹੀ ਕਰ ਦਿੱਤੀ ਹੈ ਤੇ ਇਸ ਮੇਲੇ ਵਿੱਚ ਪਹਿਲਾਂ ਪਾਕਿਸਤਾਨ , ਹਰਿਆਣਾ , ਪੰਜਾਬ ਤੇ ਹੋਰ ਦੂਰੋਂ - ਦੂਰੋਂ ਪਹਿਲਵਾਨ ਆਉਂਦੇ ਹੁੰਦੇ ਸੀ। ਪਸ਼ੂਆਂ ਦੀ ਖਰੀਦਦਾਰੀ ਲਈ ਹੋਂਦ 'ਚ ਆਇਆ ਨਲਵਾੜੀ ਦਾ ਇਹ ਮੇਲਾ ਅੱਜ ਆਧੁਨਿਕਤਾ ਦੇ ਸਮਾਨ ਦੀ ਖਰੀਦਦਾਰੀ ਤੱਕ ਹੀ ਸਿਮਟਤਾ ਜਾ ਰਿਹਾ ਹੈ। ਲਗਭਗ 132 ਸਾਲ ਪੂਰੇ ਕਰ ਚੁੱਕੇ ਇਸ ਮੇਲੇ ਦਾ ਸਰੂਪ ਕੁਝ ਬਦਲ ਜਿਹਾ ਗਿਆ ਜਾਪਦਾ ਹੈ , ਪਰ ਪ੍ਰਸ਼ਾਸਨ ਅੱਜ ਵੀ ਇਸ ਮੇਲੇ



ਨੂੰ ਸਫ਼ਲ ਬਣਾਉਣ ਲਈ ਬਹੁਤ ਉਪਰਾਲੇ ਕਰਦਾ ਹੈ। ਭਾਵੇਂ ਕੁਝ ਵੀ ਹੋਵੇ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਬਿਲਾਸਪੁਰ ਦਾ ਕਿਸਾਨਾਂ ਦੀ ਖੁਸ਼ਹਾਲੀ ਦਾ ਪ੍ਰਤੀਕ ਇਹ ਰਾਜ - ਪੱਧਰੀ " ਨਲਵਾੜੀ ਮੇਲਾ " ਪੂਰੇ ਵਿਸ਼ਵ ਵਿੱਚ ਆਪਣੇ ਆਪ ਵਿੱਚ ਇੱਕ ਵੱਖਰੀ , ਵਿਸ਼ੇਸ਼ ਤੇ ਸੱਭਿਆਚਾਰਕ ਪਹਿਚਾਣ ਰੱਖਦਾ ਹੈ। ਜਦੋਂ ਵੀ ਬਿਲਾਸਪੁਰ ਦਾ ਇਹ ਮੇਲਾ ਦੇਖਣ ਜਾਓ ਤਾਂ ਉੱਥੋਂ ਦਾ ਪ੍ਰਸਿੱਧ ਬਾਬਾ ਨਾਹਰ ਸਿੰਘ ਮੰਦਿਰ , ਲਕਸ਼ਮੀ ਨਾਰਾਇਣ ਮੰਦਿਰ , ਮਹਾਂਰਿਸ਼ੀ ਵੇਦ ਵਿਆਸ ਗੁਫ਼ਾ , ਬਾਬਾ ਵਿਸ਼ਵਕਰਮਾ ਮੰਦਿਰ , ਝੀਲ ਵਿੱਚ ਸਮਾਹਿਤ ਹੋ ਗਏ ਪੁਰਾਤਨ ਸ਼ੈਲੀ ਦੇ ਬਣੇ ਮੰਦਿਰ ਆਦਿ ਮਹਾਨ ਪਾਵਨ ਥਾਵਾਂ ਦੇ ਦਰਸ਼ਨ ਜ਼ਰੂਰ ਕਰਿਓ ਤੇ ਦਰਿਆ ਦੇ ਕਿਨਾਰੇ - ਕਿਨਾਰੇ ਮੇਲਾ ਸਥਲ ਵੱਲ ਪੈਦਲ 2 - 3 ਕੁ ਕਿਲੋਮੀਟਰ ਘੁੰਮ ਕੇ ਪ੍ਰਕ੍ਰਿਤੀ ਨੂੰ ਵੀ ਜ਼ਰੂਰ ਨਿਹਾਰਨਾ ਚਾਹੀਦਾ ਹੈ।ਇਹ ਇੱਕ ਵੱਖਰਾ ਹੀ ਅਹਿਸਾਸ ਹੋਵੇਗਾ। ਜੇਕਰ ਤੁਸੀਂ ਕਿਸ਼ਤੀ ਝੂਟਣ ਦਾ ਅਨੰਦ ਲੈਣਾ ਚਾਹੁੰਦੇ ਹੋ ਤਾਂ ਇੱਥੇ ਤੁਸੀਂ ਇਸਦਾ ਅਨੁਭਵ ਵੀ ਕਰ ਸਕਦੇ ਹੋ।

" ਚਿੱਟੇ ਸਲਾਣੇ ਕੱਪੜੇ ਪਿਆਜੀ ਸਾਫ਼ਾ ਰੰਗਾਣਾ , ਗੋਰ - ਬਗਰੂ ਲਈਣੇ ਨਲਵਾੜੀਆ ਜੋ ਜਾਣਾ। "



**ਸਟੇਟ ਐਵਾਰਡੀ , ਦੋ ਵਾਰ ਇੰਡੀਆ ਬੁੱਕ ਆੱਫ਼ ਰਿਕਾਰਡਜ਼ ਹੋਲਡਰ , ਪ੍ਰਧਾਨ ਆਸਰਾ ਫਾਊਂਡੇਸ਼ਨ ( ਰਜਿ.) ਸ੍ਰੀ ਅਨੰਦਪੁਰ ਸਾਹਿਬ , ਸੈਕਟਰੀ ਪੰਜਾਬ ਕੁਰੱਪਸ਼ਨ ਐਂਡ ਕ੍ਰਾਈਮ ਕੰਟਰੋਲ ਟਰੱਸਟ ਇੰਡੀਆ ਅਤੇ ਪੰਜਾਬੀ ਲੇਖਕ ਮਾਸਟਰ ਸੰਜੀਵ ਧਰਮਾਣੀ**
**9478561356**

# ਸਵੈ ਰੁਜਗਾਰ ਬਨਣ ਲਈ ਨੌਜਵਾਨਾਂ ਨੂੰ ਕਿਹੜੇ ਹੀਲੇ ਕਰਨ ਦੀ ਲੋੜ ਹੈ

ਨੌਜਵਾਨਾਂ ਵਿੱਚ ਆਪਣੇ ਭਵਿੱਖ ਨੂੰ ਲੈ ਕਿ ਕਾਫੀ ਚਿੰਤਾ ਪਾਈ ਜਾ ਰਹੀ ਹੈ ਅਤੇ ਕਈ ਨੌਜਵਾਨ ਜੋ ਬੇਰੁਜਗਾਰੀ ਦੇ ਆਲਮ ਵਿੱਚ ਜੀਅ ਰਹੇ ਹਨ, ਉਹ ਦਿਨੋਂ ਦਿਨ ਉਦਾਸੀ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ। ਉਹਨਾਂ ਨੂੰ ਉਦਾਸੀ ਵਿੱਚੋਂ ਹੋਰ ਕੋਈ ਨਹੀਂ ਸਗੋਂ ਉਹ ਆਪ ਹੀ ਇਸ ਵਿੱਚੋਂ ਆਪਣੇ ਆਪ ਨੂੰ ਕੱਢ ਸਕਦੇ ਹਨ। ਇਸ ਦੇ ਲਈ ਉਹਨਾਂ ਨੂੰ ਮਿਹਨਤ ਅਤੇ ਹਿੰਮਤ ਦੇ ਨਾਲ ਆਪਣੇ ਸਪਨਿਆਂ ਨੂੰ ਸਾਕਾਰ ਕਰਨ ਲਈ ਅੱਗੇ ਵਧਣਾ ਪਵੇਗਾ। ਅੱਜਕਲ੍ਹ ਦੇ ਤਕਨੀਕੀ ਯੁੱਗ ਵਿੱਚ ਸਫਲਤਾ ਦੇ ਲਈ ਬਹੁਤ ਸਾਰੇ ਤਰੀਕੇ ਹਨ, ਜਿਹਨਾਂ ਨੂੰ ਆਪਣਾ ਕੇ ਕਾਮਯਾਬ ਹੋਇਆ ਜਾ ਸਕਦਾ ਹੈ। ਹੁਣ ਉਹ ਜ਼ਮਾਨਾ ਗਿਆ ਜਦੋਂ ਕੁੱਝ ਵੀ ਸਿੱਖਣ ਲਈ ਸਾਨੂੰ ਦੂਰ ਦੁਰਾਡੇ ਸ਼ਹਿਰਾਂ ਵਿੱਚ ਜਾਣਾ ਪੈਂਦਾ ਸੀ, ਹੁਣ ਤਾਂ ਇੰਟਰਨੈਟ ਦੇ ਜ਼ਮਾਨੇ ਵਿੱਚ ਯੂਟਿਊਬ ਅਤੇ ਹੋਰ ਕਈ ਮੁਫਤ ਅਤੇ ਭੁਗਤਾਨ ਵਾਲੇ ਪਲੇਟਫਾਰਮਾਂ ਨੂੰ ਵਰਤ ਕੇ ਅਸੀਂ



ਕਈ ਤਰ੍ਹਾਂ ਦੇ ਹੁਨਰ ਸਿੱਖ ਕੇ ਵਧੀਆਂ ਪੈਸਾ ਕਮਾਉਣ ਦੇ ਯੋਗ ਹੋ ਸਕਦੇ ਹਾਂ। ਕਿਉਂਕਿ ਅੱਜ ਦੇ ਵਿਗਿਆਨਕ ਅਤੇ ਤਕਨੀਕੀ ਨਾਲ ਭਰਪੂਰ ਯੁੱਗ ਦੇ ਅੰਦਰ ਸਿੱਖਣ ਦੇ ਮੌਕੇ ਬਹੁਤ ਹਨ, ਇਹਨਾਂ ਮੌਕਿਆ ਦਾ ਫਾਇਦਾ ਉਠਾਉਣ ਦੇ ਲਈ ਨੌਜਵਾਨਾਂ ਨੂੰ ਆਪ ਹੀ ਕਦਮ ਚੁੱਕਣੇ ਪੈਣਗੇ ਅਤੇ ਇਸ ਦੇ ਲਈ ਸ਼ੁਰੂਆਤ ਤਾਂ ਨੌਜਵਾਨਾਂ ਨੂੰ ਹੀ ਕਰਨੀ ਪਵੇਗੀ। ਰੋਟੀ ਖਾਣ ਲਈ ਵੀ ਰੋਟੀ ਨੂੰ ਛਾਬੀ ਵਿੱਚੋਂ ਚੁੱਕ ਕੇ ਮੂੰਹ ਵਿੱਚ ਪਾਉਣਾ ਪੈਂਦਾ ਹੈ, ਫ਼ਿਰ ਕੀਤੇ ਜਾ ਕੇ ਸਾਡੀ ਭੁੱਖ ਮਿਟਦੀ ਹੈ। ਪਿਆਸੇ ਨੂੰ ਪਾਣੀ ਕੋਲ ਜਾਣਾ ਪੈਂਦਾ ਹੈ ਨਾ ਕਿ ਪਾਣੀ ਖੁਦ ਚੱਲ ਕੇ ਪਿਆਸੇ ਕੋਲ ਆਉਂਦਾ ਹੈ, ਇਸ ਤਰ੍ਹਾਂ ਕੋਸ਼ਿਸ਼ ਤਾਂ ਸਾਨੂੰ ਹੀ ਕਰਨੀ ਪਵੇਗੀ ਤਾਂ ਹੀ ਅਸੀਂ ਪੈਸਾ ਕਮਾਉਣ ਦੇ ਯੋਗ ਹੋ ਸਕਦੇ ਹਾਂ। ਸਿਆਣੇ ਕਹਿੰਦੇ ਨੇ ਪਰਮਾਤਮਾ ਵੀ ਉਹਨਾਂ ਦੀ ਮੱਦਦ ਕਰਦਾ ਹੈ, ਜੋ ਆਪਣੀ ਮੱਦਦ ਆਪ ਕਰਦੇ ਹਨ। ਸੋ ਲੋੜ ਹੈ ਜਾਗਰੂਕ ਹੋਣ ਦੀ ਅਤੇ ਆਪਣੇ ਸਮੇਂ ਨੂੰ ਸਹੀ ਕੰਮ ਤੇ ਲਗਾਉਣ ਦੀ ਤਾਂ ਹੀ ਅੱਜ ਦਾ ਨੌਜਵਾਨ ਇਸ ਉਦਾਸੀ ਭਰੀ ਜ਼ਿੰਦਗੀ ਵਿੱਚੋਂ ਖੁਦ ਹੀ ਆਪਣੇ ਆਪ ਨੂੰ ਕੱਢ ਸਕਦਾ ਹੈ। ਸੋ ਸਾਨੂੰ ਆਪਣੇ ਆਪ ਤੇ ਭਰੋਸਾ ਕਰਨਾ ਹੋਵੇਗਾ ਤਾਂ ਹੀ ਕੁਦਰਤ ਸਾਡੀ ਮੱਦਦ ਕਰੇਗੀ ਅਤੇ ਇੱਕ ਦਿਨ ਅਸੀਂ ਆਪਣੀ ਤੈਅ ਕੀਤੀ ਮੰਜ਼ਿਲ ਨੂੰ ਹਾਸਿਲ ਕਰ ਸਕਾਂਗੇ। ਮਸ਼ਹੂਰ ਸ਼ਾਇਰ ਬਾਬਾ ਨਜ਼ਮੀ ਜੀ ਕਹਿੰਦੇ ਹਨ:

"ਬੇਹਿੰਮਤੇ ਨੇ ਜਿਹੜੇ, ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ,
ਉੱਗਣ ਵਾਲੇ ਉੱਗ ਪੈਂਦੇ ਨੇ, ਸੀਨਾ ਪਾੜ ਕੇ ਪੱਥਰਾਂ ਦਾ।
ਮੰਜ਼ਿਲ ਦੇ ਮੱਥੇ ਤੇ ਤਖ਼ਤੀ, ਲੱਗਦੀ ਉਹਨਾਂ ਲੋਕਾਂ ਦੀ,
ਘਰੋਂ ਬਣਾਕੇ ਤੁਰਦੇ ਜਿਹੜੇ, ਨਕਸ਼ਾ ਆਪਣੇ ਸਫਰਾਂ ਦਾ।



**ਬਲਜੀਤ ਸਿੰਘ ਕਚੂਰਾ**
**ਮਮਦੋਟ, ਜਿਲ੍ਹਾ ਫਿਰੋਜਪੁਰ।**
**ਮੋ. ਨੰ. : 9465405597**

# ਰਿਸ਼ਤਿਆਂ ਦੀਆਂ ਸਾਂਝਾਂ....

ਰਿਸ਼ਤਿਆਂ ਨੂੰ ਬਚਾਉਂਦੇ ਬਚਾਉਂਦੇ, ਅਸੀਂ ਖੁਦ ਹੀ ਹਾਰ ਗਏ,
ਕਦੀ ਸਮਝੌਤਾ ਕੀਤਾ ਕਦੇ ਹਾਸੀ-ਮਜਾਕ ਵਿੱਚ ਟਾਲ ਗਏ ।

ਸਾਂਝਾਂ ਹੁੰਦੀਆਂ ਸੀ, ਅੱਧੀ ਸਦੀ ਪਹਿਲਾਂ, ਮਰ- ਮਰ ਜਾਂਦੇ ਸੀ
ਪਰਿਵਾਰ ਕਰਕੇ, ਹੁਣ ਤਾਂ ਕੋਈ ਧੇਲੇ ਦੀ, ਇਮਦਾਦ ਨਹੀਂ ਕਰਦੇ,
ਪਾਸਾ ਵੱਟ ਕੇ ਲੰਘ ਜਾਂਦੇ, ਜਿਵੇਂ ਨਕਲੀ ਯਾਰ ਕਰਦੇ।

ਦੁਨੀਆ ਤਾਂ ਪਹਿਲਾਂ ਵੀ ਸੀ, ਤੇ ਹੁਣ ਵੀ ਹੋ ਗਈ ਮਤਲਬ ਦੀ,
ਫਰਕ ਇਨਾ ਕੁ ਹੈ, ਪਹਿਲਾਂ ਪੈਸੇ ਨੂੰ ਗੌਲਦੇ ਨ੍ਹੀਂ ਸੀ, ਹੁਣ ਪੈਸੇ ਦੇ
ਪੁੱਤ ਨੇ ਜੀ।ਅਜਿਹੇ ਗੁਣ ਪੈਦਾ ਕਰੋ, ਬੱਲੇ ਬੱਲੇ ਤੁਹਾਡੀ ਹੋ
ਜਾਵੇ, ਦਿਆਲਤਾ ਹੀ ਬੰਦੇ ਨੂੰ ਖੂਬਸੂਰਤ ਬਣਾਵੇ ਜੋ ਸਭ ਨੂੰ ਭਾਵੇ।

ਭੀਸ਼ਮ ਪਿਤਾਮਾ ਖੁਦ ਸਨ, ਗੰਗਾ ਦੇ ਪੁੱਤਰ, ਕੌਰਵਾਂ ਦੇ ਸੁਪਰੀਮ
ਕਮਾਂਡਰ, ਪਾਂਡਵਾਂ ਅੱਗੇ ਹੋਏ ਨਿਰ-ਉੱਤਰ।ਗੰਗਾ ਚ ਨਹਾਉਣ
ਨਾਲ,ਪਾਪ ਨ੍ਹੀਂ ਧੋਤੇ ਜਾਂਦੇ,ਚੰਗੇ ਕਰਮਾਂ ਬਾਝੋਂ ਲੋਕੀਂ, ਗੰਗਾ ਚ ਗੋਤੇ ਖਾਂਦੇ।



**ਅਮਰਜੀਤ ਸਿੰਘ ਤੂਰ**
**ਚੰਡੀਗੜ੍ਹ। ਫੋਨ ਨੰਬਰ : 9878469639**

## ਸ਼ੁੱਧ ਪੰਜਾਬੀ ਕਿਵੇਂ ਲਿਖੀਏ?

# ਰੂ-ਬਰੂ/ਰੂਬਰੂ/ਰੂਬ-ਰੂ ਜਾਂ ਰੂਹ-ਬਰੂ? ਕਿਉਂ ਅਤੇ ਕਿਵੇਂ?

(ਮੇਰੀ ਇੱਕ ਟਿੱਪਣੀ 'ਤੇ ਆਧਾਰਿਤ)

ਕੁਝ ਲੋਕਾਂ ਨੂੰ ਭੁਲੇਖਾ ਹੈ ਕਿ ਰੂ-ਬਰੂ ਸ਼ਬਦ ਵਿੱਚ ਰੂ ਦੀ ਥਾਂ ਇੱਥੇ "ਰੂਹ" ਸ਼ਬਦ ਵਰਤਿਆ ਗਿਆ ਹੈ। ਅਜਿਹਾ ਬਿਲਕੁਲ ਨਹੀਂ ਹੈ ਬਲਕਿ ਇੱਥੇ ਰੂ ਸ਼ਬਦ ਹੀ ਵਰਤਿਆ ਗਿਆ ਹੈ ਤੇ ਇਸ ਦੇ ਅਰਥ ਹਨ :"ਸਾਮ੍ਹਣੇ"। ਇਸੇ ਲਈ ਰੂ-ਬਰੂ ਸ਼ਬਦ ਦੇ ਅਰਥ ਹਨ : "ਆਮ੍ਹੋ-ਸਾਮ੍ਹਣੇ"।

---ਬਹੁਤੇ ਲੋਕ ਤਾਂ "ਰੂਦਾਰੀ" ਸ਼ਬਦ ਨੂੰ ਵੀ "ਰੂਹ" (ਆਤਮਾ ) ਦੇ ਅਰਥਾਂ ਨਾਲ਼ ਜੋੜ ਕੇ "ਰੂਹਦਾਰੀ" ਹੀ ਲਿਖ ਦਿੰਦੇ ਹਨ ਜੋਕਿ ਸਰਾਸਰ ਗ਼ਲਤ ਹੈ ਤੇ ਅਰਥਾਂ ਦੇ ਅਨਰਥ ਕਰਨ ਦੇ ਬਰਾਬਰ ਹੈ।

---ਇਸ ਪ੍ਰਕਾਰ ਅਸੀਂ ਲਕੀਰ ਦੇ ਫ਼ਕੀਰ ਬਣ ਕੇ, ਸ਼ਬਦਾਂ ਨੂੰ, ਉਹਨਾਂ ਦੇ ਅਰਥਾਂ ਦੀ ਤਹਿ ਤੱਕ ਪਹੁੰਚਣ ਤੋਂ ਬਿਨਾਂ ਹੀ ਵਰਤੋਂ ਕਰਨ ਦੇ ਧਾਰਨੀ ਹਾਂ। ਰੂਦਾਰੀ ਸ਼ਬਦ ਦੀ ਮਿਸਾਲ ਹੀ ਲੈ ਲਓ। ਇਸ ਵਿੱਚ ਰੂ ਦੇ ਅਰਥਾਂ ਨੂੰ ਸਮਝਣ ਤੋਂ ਬਗ਼ੈਰ ਅਸੀਂ ਇਸ ਦੀ ਥਾਂ ਕਈ ਵਾਰ ਰੂਹ ਸ਼ਬਦ ਹੀ ਵਰਤ ਲੈਂਦੇ ਹਾਂ ਕਿਉਂਕਿ ਅਸੀਂ ਕੇਵਲ ਰੂਹ ਸ਼ਬਦ ਹੀ ਸੁਣਿਆ ਹੋਇਆ ਹੈ ਤੇ "ਰੂ" ਸ਼ਬਦ ਬਾਰੇ ਅਸੀਂ ਕਦੇ ਜਾਣਨ ਦੀ ਕੋਸ਼ਸ਼ ਹੀ ਨਹੀਂ ਕਰਦੇ ਜਦਕਿ ਰੂ ਤੋਂ ਹੀ ਬਣੇ ਹੋਏ ਸ਼ਬਦਾਂ: ਰੂਪੋਸ਼ (ਸਾਮ੍ਹਣੇ ਨਾ ਹੋਣਾ/ਲੁਕ-ਛੁਪ ਕੇ ਰਹਿਣਾ) ਅਤੇ ਰੂਨੁਮਾ ਹੋਣਾ (ਸਾਮ੍ਹਣੇ ਆ ਜਾਣਾ/ ਪ੍ਰਗਟ ਹੋਣਾ) ਆਦਿ ਸ਼ਬਦਾਂ ਦੀ ਵਰਤੋਂ ਅਸੀਂ ਆਮ ਹੀ ਕਰਦੇ ਹਾਂ।

---- ਸਾਨੂੰ ਕਿਸੇ ਸ਼ਬਦ ਵਿਚਲੇ ਵੱਖ-ਵੱਖ ਸ਼ਬਦਾਂ ਦੇ ਅਰਥਾਂ ਨੂੰ ਸਮਝ ਕੇ ਹੀ ਉਹਨਾਂ ਦੇ ਅਰਥਾਂ ਅਨੁਸਾਰ , ਉਹਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਆਪਹੁਦਰੀਆਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

----ਉਂਞ ਰੂ-ਬਰੂ ਸ਼ਬਦ ਫ਼ਾਰਸੀ ਭਾਸ਼ਾ ਦਾ ਹੈ ਜਿਸ ਵਿੱਚ ਬ ਅੱਖਰ (ਅਰਬੀ ਭਾਸ਼ਾ ਦਾ) ਇੱਕ ਅਗੇਤਰ ਦਾ ਕੰਮ ਕਰ ਰਿਹਾ ਹੈ ਜਿਸ ਦੇ ਅਰਥ ਹਨ- ਵੱਲ; ਭਾਵ "ਮੂੰਹ ਵੱਲ ਮੂੰਹ" ਅਰਥਾਤ ਆਮ੍ਹੋ-ਸਾਮ੍ਹਣੇ ਹੋਣਾ।

----ਯਾਦ ਰੱਖਣਯੋਗ ਗੱਲ ਇਹ ਹੈ ਕਿ ਰੂ-ਬਰੂ ਸ਼ਬਦ ਵਿੱਚ ਰੂ ਕੋਈ ਧੁਨੀ ਨਹੀਂ ਹੈ ਜਾਂ ਰੂਹ (ਫ਼ਾਰਸੀ) ਸ਼ਬਦ ਨਹੀਂ ਹੈ ਸਗੋਂ ਰੂ ਇੱਕ ਸੰਪੂਰਨ ਸ਼ਬਦ ਹੈ ਜਿਸ ਦੇ ਅਰਥ ਹਨ- ਸਾਮ੍ਹਣੇ ਜਾਂ ਸਾਮ੍ਹਣੇ ਹੋਣਾ।

----ਰੂ-ਬਰੂ ਸ਼ਬਦ ਵਿਚਲੇ ਇਸੇ ਬ ਅਗੇਤਰ ਨਾਲ਼ ਹੀ ਬਖ਼ੂਬੀ=ਬ+ਖ਼ੂਬੀ ("ਬਾਖ਼ੂਬੀ" ਨਹੀਂ), ਬਜ਼ਿਦ (ਬ+ਜ਼ਿਦ), ਬਕੌਲ, ਬਤੌਰ, ਬਰਾਸਤਾ, ਬਦੌਲਤ, ਬਨਿਸਬਤ, ਬਦਸਤੂਰ=ਬ+ਦਸਤੂਰ (ਬਾਦਸਤੂਰ ਨਹੀਂ); ਦਿਨ-ਬਦਿਨ, ਰਾਤ-ਬਰਾਤੇ, ਰੰਗ-ਬਰੰਗਾ, ਖ਼ੁਦ-ਬਖ਼ੁਦ ਆਦਿ ਸ਼ਬਦ ਬਣੇ ਹੋਏ ਹਨ।

---ਫ਼ਾਰਸੀ ਭਾਸ਼ਾ ਵਿੱਚ ਭਾਵੇਂ ਇਸ ਸ਼ਬਦ ਨੂੰ ਜੋੜ ਕੇ ਰੂਬਰੂ (روبرو) ਹੀ ਲਿਖਿਆ ਜਾਂਦਾ ਹੈ ਪਰ ਪੰਜਾਬੀ ਵਿੱਚ ਇਸ ਨੂੰ ਪੰਜਾਬੀ ਭਾਸ਼ਾ ਦੇ ਵਿਆਕਰਨਿਕ ਨਿਯਮਾਂ ਅਨੁਸਾਰ ਜੋੜਨੀ ਪਾ ਕੇ ਲਿਖਿਆ ਜਾਣਾ ਹੀ ਇਸ ਦਾ ਸ਼ੁੱਧ ਰੂਪ ਹੈ। ਉਦਾਹਰਨ ਦੇ ਤੌਰ 'ਤੇ ਪੰਜਾਬੀ ਵਿੱਚ ਜੇਕਰ ਕਿਸੇ ਇੱਕ ਹੀ ਸ਼ਬਦ ਨੂੰ ਕੋਈ ਵਿਸ਼ੇਸ਼ ਪ੍ਰਭਾਵ ਸਿਰਜਣ ਤੇ ਕੁਝ ਵੱਖਰੇ ਅਰਥ ਦੇਣ ਲਈ ਲਈ ਦੋ ਵਾਰ ਲਿਖਿਆ ਜਾਵੇ ਤਾਂ ਵਿਚਕਾਰ ਜੋੜਨੀ ਪਾਈ ਜਾਂਦੀ ਹੈ, ਜਿਵੇਂ: ਵੱਖ-ਵੱਖ, ਵਾਰ-ਵਾਰ- ਘਰ-ਘਰ ਆਦਿ। ਇਸੇ ਤਰ੍ਹਾਂ ਰੂ-ਬਰੂ ਸ਼ਬਦ ਵਿੱਚ ਵੀ ਰੂ ਸ਼ਬਦ ਨੂੰ ਦੋ ਵਾਰ ਵਰਤਿਆ ਗਿਆ ਹੈ ਜਿਸ ਕਾਰਨ ਇਸ ਸ਼ਬਦ ਵਿੱਚ ਵੀ ਜੋੜਨੀ ਦੀ ਵਰਤੋਂ ਕੀਤੀ ਜਾਣੀ ਜ਼ਰੂਰੀ ਹੈ। ਰੂ ਆਦਿ ਸ਼ਬਦਾਂ ਨੂੰ ਜਦੋਂ ਕਿਸੇ ਇੱਕ ਹੀ ਸ਼ਬਦ ਵਿੱਚ ਦੂਜੀ ਵਾਰ ਵਰਤਿਆ ਜਾਣਾ ਹੈ ਤਾਂ ਉਸ ਅੱਗੇ ਬ ਅਗੇਤਰ ਨੂੰ ਰੂ ਸ਼ਬਦ ਨਾਲ਼ ਜੋੜ ਕੇ ਲਿਖਿਆ ਜਾਣਾ ਚਾਹੀਦਾ ਹੈ, ਜਿਵੇਂ: ਰੂ-ਬਰੂ, ਦਿਨ-ਬਦਿਨ, ਰਾਤ-ਬਰਾਤੇ ਆਦਿ।

ਆਸ ਹੈ ਕਿ ਪੰਜਾਬੀ ਭਾਸ਼ਾ ਦੇ ਇਸ ਵਿਆਕਰਨਿਕ ਨਿਯਮ ਨੂੰ ਸਮਝਣ ਉਪਰੰਤ ਅਸੀਂ ਕਦੇ ਵੀ "ਰੂ-ਬਰੂ" ਸ਼ਬਦ ਨੂੰ "ਰੂਬਰੂ", "ਰੂਹ-ਬਰੂ" ਜਾਂ "ਰੂਬ-ਰੂ" ਆਦਿ ਬਿਲਕੁਲ ਹੀ ਨਹੀਂ ਲਿਖਾਂਗੇ।



**ਜਸਵੀਰ ਸਿੰਘ ਪਾਬਲਾ,**
**ਲੰਗੜੋਆ, ਨਵਾਂਸ਼ਹਿਰ।**
**ਫ਼ੋਨ ਨੰ. 98884-03052.**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook.
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com